# ਵਤਨੋਂ ਦੂਰ



**SEPTEMBER, 1978** **WATNO DUR - 60c**

**P.O. Box 67681 Stn 'O', Vancouver B.C. V5W 3V2**

# KINGSGATE Body Shop Limited

***Body Shop and Mechanical Services For All Makes and Models***

•

We handle ICBC Claims
Courtesy Cars Available
(inc. Age Under 25)
Full Inventory of All Parts
For Fast and Efficient Service

**434-6608**
**24 Hrs.**

Call Amir Dhanani

Urdu, Punjabi and English, Gujrati and Hindi languages spoken.

**6856 Palm Ave., Burnaby, B.C.**
***One Block From Royal Oak & Imperial***
**USED AND REBUILT HONDAS AVAILABLE**

# AMIR'S JAPANESE AUTO SERVICE AND PARTS SUPPLIES LIMITED

Service and Tune Up Shop for All Makes and Models

***Complete Auto Service — Electronic Tune Ups, Brakes, Valves, etc.***

**USED, EXCHANGE AND REBUILT TRANSMISSION (std./auto.), MOTORS, CARBURETORS, STARTERS, ALTERNATORS, COURTESY CARS AVAILABLE**

Call Amir Dhanani

**434-6608**
**24 hrs.**

Urdu, Punjabi, English, Gujrati, and Hindi Languages spoken.

**6870 Palm Avenue, Burnaby, B.C.**
***One Block from Royal Oak and Imperial***

**LUNCH – 11:30 A.M. to 3:00 P.M. • DINNER – 4:00 P.M. to 10:00 P.M. • SEVEN DAYS A WEEK**

**INDIA'S FAMOUS TANDOORIE CHICKEN**

**INDIAN SWEETS OF ALL KINDS**
**Weekend Special**
**MAKI DI ROTI & SAAG.**

# Raja RESTAURANT LTD.

**(LICENSED PREMISES)**

**Catering For**
**WEDDING & SMALL HOME PARTIES.**

CALL **325-5014**

7271 Main St., at *57th Avenue* VANCOUVER, B.C., CANADA

CHARGEX

master charge

ਭਾਰਤੀ ਤੇ ਕੈਨੇਡਾ ਦੇ ਵਧੀਆ ਤੇ ਸੁਆਦੀ ਖਾਣੇ ਅਤੇ ਮਠਿਆਈਆਂ ਵਾਜਬੀ ਕੀਮਤਾਂ ਤੇ ਰਾਜਾ ਰੈਸਟੋਰੈਂਟ ਤੋਂ ਮਿਲਦੀਆਂ ਹਨ।
ਵਿਆਹ ਅਤੇ ਘਰੇਲੂ ਪਾਰਟੀਆਂ ਲਈ ਬਲਵੰਤ ਨੂੰ ਫੋਨ ਕਰੋ।

BBGS

## BOMBAY GROCERY STORE

**3950 MAIN STREET, VANCOUVER**
**874-3711**

We are open 7 days a week
from 9:30 a.m. to 10 p.m.

*Special Discount for*
*Weddings, Akhand Paths and*
*other bulk orders!*

WHOLESALE



*NARESH SHUKLA*

BBCR

## Bombay Curry Restaurant

*Licensed Premises*

**3934 MAIN STREET, (23rd Ave.)**
**VANCOUVER**
**874-5722**

Opens Mon. to Fri. 11:00 a.m. to 10:30 p.m.
Sat. and Sun. 10:00 a.m. to 10:00 p.m.

*Special Arrangements*
*for Wedding Parties and other occasions!*

RETAIL

ਸਸਤੇ ਭਾਅ ਗਰਾਸਰੀ ਖਰੀਦਣ ਲਈ ਤੇ ਸਵਾਦਿਸ਼ਟ ਖਾਣੇ ਲਈ

ਦਰਸ਼ਨ ਦਿਉ

*A DIVISION OF*

# SHUKLA ENTERPRISES LTD.
# NARESH SHUKLA & BROTHERS

---

nalaco

# NORTH AMERICAN LIFE ASSURANCE COMPANY

# 1170 – 777 Hornby Street, Vancouver, B.C., V6Z 1S8

**OVER 8 BILLION OF INSURANCE IN FORCE**
**FOUNDED 1881 – A MUTUAL CO.**



Sudesh Kalia

## "I've got a plan to help you build a better tomorrow."

REDUCE YOUR INCOME TAX AND BUILT
A GUARANTEED PENSION
My Company Offers –

1. All Forms of Registered Retirement Plans
2. Complete range of Business Insurance
3. Personal Insurance – Permanent and Term
4. Educational Contracts for Childeen
5. *All Types of Company Fringe Benefits*
   – Group Life, Disability and Pension.

It gives you two things that don't show up on a policy. Freedom. To do what you want, when you want, for as long as you want. And peace of mind. That starts the minute you let me built you a tomorrow.

**MAKE THAT CALL NOW**

**BUS: 685-9335**
**Res: 254-5837**

H. E. HARRISON
CLU
Manager.

# INCOME

## CAN YOU LIVE WITHOUT IT?

A disabling accident
or crippling sickness
can quickly use up savings.

For a program of income
replacement to suit your needs,

call



SAN MINHAS

**San Minhas**
Assistant Manager

Bus. 682-8531
Res. 271-1248

Excelsiorlife

Suite 510, 1333 West Georgia Street
Vancouver, B.C. V6E 3K5

---

REALTORS



**MANJEET S. BHATTI**

BUS. 324-3888
RES. 434-4060

101 - 5316 VICTORIA DR.
VANCOUVER, B.C.
V5P 3V7

Loverock REALTY

ਘਰ ਖ਼ਰੀਦਣ ਜਾਂ ਵੇਚਣ ਜਾਂ ਹੋਰ
ਕਿਸੇ ਕਿਸਮ ਦੀ ਜਾਇਦਾਦ
ਖ਼ਰੀਦਣ ਤੋਂ ਪਹਿਲਾਂ ਮੁਫ਼ਤ
ਸਲਾਹ ਲਈ ਮਿਲੋ ਜਾਂ ਫੂਨ
ਕਰੋ

**For free consultation and professional advice in buying, selling or trading any type of real estate contact any time**

# WATNO DUR

P.O. Box 67681
Postal Stn. 'O'
Vancouver, B.C.
V5W 3V2

Vol. 7, No. 62 September, 1978

2nd Class Mail Reg. No. 3233
ANNUAL SUBSCRIPTION: Canada-U.S.A. $ 7.00
Other SEA $ 7.00
Countries AIR $10.00



**EDITORIAL BOARD:**
Surinder Dhanjal, 256-1067 (Windsor)
Ajmer Rodey, 438-7793
Amarjit Chahal, 892-3085

**MANAGING EDITORS:**
Raghbir Mand, 325-9564
Paul Binning, 879-3339

**EDITOR:** –
Sadhu, 437-9014

**ADVERTISING EDITORS:**
Naresh Shukla, 874-5722
685-2633
Karamjit Ghuman, 321-6081

**WATNO DUR REPRESENTATIVES:**
Iqbal Ramuwalia, Waterloo (884-7131)
Sarwan Boal, Montreal (679-8132)
Latt Bhinder, Edmonton (436-8279)
Gurcharan Tallewalia, Richmond (271-4742)
K. S. Chaman, Calgary (248-2841)
Gill Avtar, Calgary (279-6510)
Dave Jatana, Prince Rupert 627-7209
Harnek Mann, Pr. George (564-6245)
G. S. Bains, Williams Lake (392-3698)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Jasbir Chahal, Victoria (385-4996)

*All officeholders and members of WATNO DUR PUBLICATIONS (Reg'd.) past and present have been and are honorary associates of WATNO DUR.*


## ਇਸ ਅੰਕ ਵਿਚ:—

### ਕਵਿਤਾ—


| | |
|---|---|
| ਚੀਫ ਡੈਨ ਜਾਰਜ | 6 |
| ਸੁਖਿੰਦਰ | 7 |
| ਬਲਦੇਵ ਚੀਮਾ | 7 |
| ਰਸ਼ਮੀਕ ਸਿੰਘ 'ਰਸਨ' | 7 |
| ਜਸਬੀਰ ਬਾਠ | 8 |
| ਅਤਰ ਜੀਤ | 9 |
| ਪ੍ਰਾਤਮਾ ਪਾਰਸ | 9 |


### ਕਹਾਣੀਆਂ —


| | |
|---|---|
| ਜਸਵੰਤ ਸਿੰਘ ਵਿਰਦੀ | 11 |
| ਹਰਿੰਦਰ ਸਾਂਭਾਨ | 18 |


### ਲੇਖ —


| | |
|---|---|
| ਨਰਪਾਲ ਸਿੰਘ | 16 |
| ਪੰਜਾਬੀ ਪੁਸਤਕਾਂ ਤੇ ਸੁਰੱਖਿਆ | 20 |
| ਜਰਨੈਲ ਸਿੰਘ | 27 |
| ਹਰਜੀਤ ਦੌਧਰੀਆ | 33 |


### ਰੀਪੋਰਟ—


| | |
|---|---|
| ਅਜਮੇਰ ਰੋਡੇ | 25 |
| ਲਾਟ ਭਿੰਡਰ | 35 |


ਮੁੱਖ ਚਿੱਤਰ:
ਜਦੋਂ ਰੋਸ਼ਨੀ ਹੁੰਦੀ ਹੈ
ਰੂਪਕਾਰ:
ਸੁਰਿੰਦਰ ਧੰਜਲ


ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
ਵਿਚਾਰ ਲੇਖਕਾਂ ਦੇ ਆਪਣੇ ਨਿੱਜੀ ਹਨ।

# ਪੰਜ ਕਵਿਤਾਵਾਂ

— ਡੈਨ ਜਾਰਜ

[ਚੀਫ਼ ਡੈਨ ਜਾਰਜ, ਆਦਿ-ਵਾਸੀਆਂ (NATIVE INDIANS) ਦੇ ਇਕ ਕਬੀਲੇ ਕੋ-ਸੈਲਿਸ਼ 'ਚੋਂ ਹੈ ਜੋ ਉੱਤਰੀ ਵੈਨਕੂਵਰ ਦੇ ਬਰਾਰਡ (BURRARD) ਰੀਜ਼ਰਵ ਵਿਚ 1899 ਵਿਚ ਪੈਦਾ ਹੋਇਆ। ਬਚਪਨ 'ਚ ਬੈਰੀਆਂ ਤੋੜੀਆਂ ਮੱਛੀਆਂ ਫੜੀਆਂ ਤੇ ਰਵਾਇਤੀ ਢੰਗ ਦੇ ਹੁਨਰ ਸਿਖੇ। ਉਹ ਵੱਖ ਵੱਖ ਸਮੇਂ ਮਛੇਰਾ, ਕਬੀਲੇ ਦਾ ਸਰਦਾਰ, ਸੰਗੀਤਕਾਰ, ਰੇਡੀਓ ਨਾਟਕਕਾਰ, ਐਕਟਰ ਤੇ ਬੁਲਾਰਾ ਰਿਹਾ ਹੈ। ਡੈਨ ਜਾਰਜ 79 ਸਾਲ ਦੀ ਉਮਰ ਵਿਚ ਵੀ ਉਪ-ਰੋਕਤ ਗੁਣਾਂ ਕਾਰਨ ਸਨਮਾਨਿਆਂ ਜਾਂਦਾ ਹੈ — ਅਨੁਵਾਦਕ]

## 1 ਮਾਂ

ਮੇਰੀ ਮਾਂ ਵਿਚ
ਏਨੀ ਨੇਕੀ ਸੀ,
ਜੋ ਸਮੁੱਚੇ
ਜੀਵਨ ਵਿਚ ਸਮਾਈ ਹੈ।

ਉਸ ਵਿਚ
ਏਨਾ ਅਹਿਸਾਸ ਸੀ
ਕਿ
ਉਹ ਫੁਲਿਆਂ ਲਈ
ਸਭ ਕੁੱਝ
ਨਿਛਾਵਰ ਕਰਨ ਦੇ
ਸਮਰੱਥ ਸੀ!

ਇਹ,
ਆਦਿ-ਵਾਸੀ
ਔਰਤਾਂ ਦੀ ਰਵਾਇਤ ਹੈ!

o

## 2 ਨੌਜਵਾਨ

ਨੌਜਵਾਨ,
ਨਵੇਂ ਰਾਹਾਂ ਦੇ,
ਖੋਜੀ ਹਨ!

ਪਰ
ਰਾਹਾਂ ਵਿਚ
ਬਹੁਤ ਕੁੱਝ
ਉਕਸਾਊ ਹੈ
ਜਿਸ ਲਈ
ਚੰਗੇ ਦੀ ਭਾਵਨਾ ਦੀ
ਸ਼ਾਇਦ,
ਉਨ੍ਹਾਂ ਨੂੰ
ਪਰਖ ਨਾ ਰਹੇ

o

## 3 ਸਬਰ

ਜੋ ਸਬਰ,
ਅਸੀਂ ਸਿਖਦੇ ਹਾਂ
ਉਨ੍ਹਾਂ 'ਚੋਂ,
ਇਹ,
ਸਭ ਤੋਂ ਜ਼ਰੂਰੀ ਹੈ—

ਜੋ ਵੀ ਹੈ,
ਉਹ ਤੁਹਾਡਾ ਨਹੀਂ

'ਜੋ ਵੀ
ਲੈਂਦੇ ਹੋ
ਉਹ ਤੁਹਾਨੂੰ
ਮੋੜ ਕੇ
ਦੇਣਾ ਪਏਗਾ।

o

## 4 ਡਰ

ਜੇ ਤੁਸੀਂ
ਪੰਛੀਆਂ ਨਾਲ ਗੱਲ ਕਰੋ,
ਉਹ ਤੁਹਾਡੇ
ਬੋਲਾਂ ਨੂੰ ਸਤਿਕਾਰਨਗੇ!
ਤੁਸੀਂ ਦੋਸਤ ਬਣੋਗੇ!
ਜੇ ਤੁਸੀਂ
ਬੋਲ ਸਾਂਝੇ ਨਹੀਂ ਕਰਦੇ,
ਤੁਸੀਂ ਉਨ੍ਹਾਂ ਨੂੰ
ਜਾਣ ਨਹੀਂ ਸਕੋਗੇ!

ਜੋ ਤੁਸੀਂ
ਜਾਣ ਨਹੀਂ ਸਕੋਗੇ,
ਉਸ ਤੋਂ ਡਰੋਗੇ!

ਡਰ ਹੀ,
ਬਰਬਾਦੀ ਦਾ
ਕਾਰਨ ਹੈ!

o

## 5 ਧੰਨਵਾਦ

ਹੇ ਧਰਤ!
ਦਿਲ-ਸ਼ਕਤੀ ਲਈ,
ਧੰਨਵਾਦ!

ਹੇ ਬੱਦਲ!
ਜਿਸਮ ਦੇ ਲਹੂ ਲਈ,
ਧੰਨਵਾਦ!

ਹੇ ਅਗਨੀ!
ਅੱਖਾਂ ਚ, ਰੋਸ਼ਨੀ ਲਈ,
ਧੰਨਵਾਦ

ਹੇ ਸੂਰਜ!
ਜ਼ਿੰਦਗੀ ਲਈ
ਧੰਨਵਾਦ!

o

ਅਨੁਵਾਦਕ:
ਦਰਸ਼ਨ ਗਿੱਲ

# ਸਪੂਤਨਿਕ ਯੁੱਗ ਦਾ ਜਾਦੂਗਰ

-ਸੁਖਿੰਦਰ

ਮੇਰੇ ਹੱਥ ਵਿਚ ਚੱਕਰ ਵੀ ਹੈ
ਤਲਵਾਰ ਵੀ, ਤੇ ਕਲੋਰੋਫਾਰਮ ਦੀ ਸ਼ੀਸ਼ੀ ਵੀ
ਮੈਂ ਅੱਲ ਅੱਖ ਤੀ ਤੋਂ ਲੈ ਕੇ
ਕੀਅਰ ਕਿਸੀ ਹਲਕੀ ਵਕਤ ਤੱਕ
ਹਰ ਸੈਲਫ਼ ਦਾਅ ਵਰਤਾਂਗਾ
ਜੇ ਤੁਹਾਡੇ ਅੰਦਰ ਪ੍ਰਵੇਸ਼ ਕਰ ਜਾਵਾਂ
ਮੈਂ ਆਪਣੇ ਸੁਲਗਦੇ ਅੰਗਾਂ ਤੇ
ਹਰ ਮਹਿਕ ਦਾ ਲੇਪਣ ਕਰਾਂਗਾ
ਮੈਂ ਕਦੀ ਆਦਮੀ, ਮੈਂ ਕਦੀ ਔਰਤ ਬਣਾਂਗਾ
ਮੈਂ ਹਰ ਸ਼ਕਲ ਦੇ ਮਨ ਦੀ ਲਾਲਚ ਬਣਾਂਗਾ
ਮੈਂ ਤੁਹਾਡੇ ਜ਼ਹਿਰੀਲੇ ਨਾਗ ਰੂਪੀ ਮਨ 'ਚ
ਬੋਤਲ ਵਿਸਕੀ ਵਾਂਗ ਪ੍ਰਵੇਸ਼ ਕਰ ਜਾਵਾਂ

ਤੁਸੀਂ ਜਿਸ ਨੂੰ, ਨਾ ਸ਼ੁੱਧ ਪਾਓਗੇ
ਨਾ ਇਹ ਗਲੇ 'ਚੋਂ ਹੀ ਲੰਘਦੀ ਹੈ।

ਤੁਹਾਡੇ ਅੰਦਰ- ਮਨ ਦੇ ਦਫ਼ਤਰ ਵਿਚ ਲਟਕਿਆ
ਮੈਂ ਪਾਰਦਰਸ਼ੀ ਸ਼ੀਸ਼ਾ ਬਣ
ਸਭ ਕੁੱਝ ਜਾਂਚ ਲੈਂਦਾ ਹਾਂ

ਮੈਂ ਸਪੂਤਨਿਕ ਯੁੱਗ ਦਾ ਜਾਦੂਗਰ ਜੁ ਹਾਂ—

ਹਾਂ! ਮੈਂ ਉਸ ਕਹਾਣੀ ਵਰਗੇ ਦੀ ਸੋਚਦਾ ਹਾਂ
ਜਿਸਦਾ ਨਾਇਕ, ਆਪਣੇ ਮੱਥੇ ਤੇ ਸ਼ਹਿਦ ਦਾ ਲੇਪ ਕਰਦਾ ਹੈ
ਤਾਂ ਜੋ ਤੁਹਾਡੀ ਚੇਤਨਾ ਵਿਚੋਂ, ਗੀਝਦੇ ਕੀੜੇ ਬਾਹਰ ਖਿਚ ਸਕੇ
ਮੇਰਾ ਜਿਸਮ ਅਗਰਬੱਤੀ ਦੀ ਮਹਿਕ ਵਾਂਗੂ
ਤੁਹਾਡੇ ਸਾਹਮਣੇ ਫੈਲ ਜਾਂਦਾ ਹੈ
ਭਰੀ ਭੀੜ ਵਿਚ, ਕਿਸੇ ਚੌਰਸਤੇ 'ਚ ਆ ਕੇ
ਮੈਂ ਨਾਲ ਕੱਢਣ ਔੜ ਕੇ ਹੀ ਲੇਟ ਸਕਦਾ ਹਾਂ
ਤੇ ਹੌਲੀ ਹੌਲੀ ਦੱਸਦਾ ਰਹਾਂਗਾ
ਮੇਰੇ ਸਾਹਮਣੇ ਖੜ੍ਹਾ, ਖੱਬੇ ਹੱਥ
ਤੀਸਰਾ ਆਦਮੀ ਬੰਧਕੀਆਂ ਦਾ ਵਪਾਰੀ ਹੈ
ਸੱਜੇ ਹੱਥ ਲੀਡਰ ਦੂਸਰਾ
ਮਨੁੱਖੀ ਮਾਸ ਖਾਂਦਾ ਹੈ
ਲੀਡਰ ਚਾਰ, ਜੋ ਬਿਲਕੁਲ ਮੇਰੇ ਨੇੜੇ ਖੜ੍ਹਾ ਹੈ
ਭੁੱਖੇ ਸ਼ੇਰ ਨੂੰ ਕਿਤ ਪਾਣੀ ਵਰਗਾ ਹੈ
ਤੇ ਉਹ ਗੁਲਾਬੀ ਫੁੱਲ ਤੋਤੇ ਦੀ
ਕਿੰਨਾ ਪਿਆਰਾ ਗੀਤ ਗਾਉਂਦੀ ਹੈ
'ਮੂੰਹ ਵਿਚ ਰਾਮ ਰਾਮ, ਬਗਲ ਵਿਚ ਛੁਰੀ'
'ਮੂੰਹ ਵਿਚ ਰਾਮ ਰਾਮ, ਬਗਲ ਵਿਚ ਛੁਰੀ'
'ਮੂੰਹ ਵਿਚ ਰਾਮ ਰਾਮ, ਬਗਲ ਵਿਚ ਛੁਰੀ,

ਤੇ ਇਹ ..... ਉਸ ਤੋਂ ਅੱਗੇ ....
ਤੇ ਇਹ ਹੋਰ ਬਹੁਤ ਕੁੱਝ
ਇਹ ਸਭ ਚਿਹਰੇ ਇਕ ਮਨੁੱਖ ਦਾ ਚਿਹਰਾ ਬਣਾਉਂਦੇ ਹਨ
ਉਹ ਮੈਂ ਹਾਂ, ਵੀਹਵੀਂ ਸਦੀ ਦਾ ਮਨੁੱਖ
ਇਹ ਮੈਂ ਹਾਂ – ਸਪੂਤਨਿਕ ਯੁੱਗ ਦਾ ਜਾਦੂਗਰ।

# ਨਾਟਕ

- ਬਲਦੇਵ ਚੀਮਾਂ

ਇਹ ਨਾਟਕ
ਹੁੰਦਾ ਰਹੇਗਾ
ਲੋਅ ਹੋਣ ਤੱਕ
ਪਰ ਪਾਤਰ ਬਦਲਦੇ ਰਹਿਣਗੇ।
ਉਹ ਸੋਮਨਾਥ ਦਾ ਮੰਦਰ ਲੁੱਟਣ
ਗਜ਼ਨਵੀ ਕਾਬਲੋਂ ਨਹੀਂ ਆਉਂਦਾ,
ਇਥੋਂ ਹੀ ਕੋਈ ਲੁਟੇਰੇ ਦਾ ਅਭਿਨੈ ਕਰ ਲੈਂਦਾ ਹੈ।
ਨਾ ਹੀ ਕਦੀ ਸੀਤਾ ਸਾਵਿਤਰੀ ਦੇ
ਸਤ ਭੰਗ ਕਰਨ ਦਾ ਰੋਲ ਕਰਨਾ ਹੁੰਦਾ ਹੈ,
ਇਨ੍ਹਾਂ ਚੋਂ ਹੀ ਕੋਈ ਰਾਵਣ ਦਾ ਮਖੌਟਾ ਪਾ ਲੈਂਦਾ ਹੈ।
ਭੁੱਖੇ, ਗਰੀਬ ਤੇ ਲਾਚਾਰ ਦੇਸ਼
ਸਾਡੇ ਵਿਹੜੇ ਚੋਂ ਕੋਈ ਵੀ ਇਹ ਰੋਲ ਕਰ ਲੈਂਦਾ ਹੈ।
ਤੇ ਕਾਇਰ ਦੇ ਤਸ਼ੱਦਦੀ ਅੱਖਾਂ ਦੇਖੇ ਵੀ
ਅਸੀਂ ਜੱਲ੍ਹਿਆਂ ਵਾਲੇ ਸ਼ਹੀਦ ਜਾਂ
ਭਗਤ ਸਿੰਘ ਨੂੰ ਆਵਾਜ਼ਾਂ ਨਹੀਂ ਮਾਰਦੇ,
ਸਾਡੇ ਵਿਚੋਂ ਹੀ ਕੋਈ
ਹੱਥ ਬੰਬ ਜਾਂ ਹਿੱਕ ਤੇ ਗੋਲੀ ਖਾ ਲੈਂਦਾ ਹੈ।
ਲੋਅ ਹੋਣ ਤੱਕ
ਇਹ ਨਾਟਕ
ਹੁੰਦਾ ਰਹੇਗਾ
ਪਰ ਪਾਤਰ ਬਦਲਦੇ ਰਹਿਣਗੇ।

---

# ਗ਼ਜ਼ਲ

- ਰਸ਼ਮੀਤ ਸਿੰਘ ਭਸਨ

ਮੈਂ ਜੀਉਂਦਾ ਹਾਂ ਉਸ ਧਰਤੀ ਤੇ,
ਜੋ ਧਰਤੀ ਮੈਨੂੰ ਰਾਸ ਨਹੀਂ।
ਹੈ ਦਰਦ ਨਹੀਂ ਇਨਸਾਨਾਂ ਨੂੰ,
ਕਿਸੇ ਫੁੱਲਾਂ ਅੰਦਰ ਵਾਸ ਨਹੀਂ।

ਇਹ ਯੁੱਗ ਲੋਹੇ ਦਾ ਗੀਤ ਰਿਹਾ,
ਮੈਂ ਲੋਹੇ ਦਾ ਇਕ ਪੁਰਜ਼ਾ ਹਾਂ।
ਹੈ ਜੀਵਨ ਲੋਥ ਸਮਾਨ ਮੇਰਾ,
ਇਹ ਮਾਸ ਮੇਰਾ ਹੈ ਮਾਸ ਨਹੀਂ।

ਇਸ ਧਰਤੀ ਉੱਤੇ ਹਾਸੇ ਵੀ,
ਅੱਜ ਸੋਚ ਸੋਚ ਕੇ ਬਣਾਉਂਦੇ ਨੇ।
ਇਥੇ ਛਾਤੀ ਤੋੜ ਕੇ ਕੌਣ ਰਹੇ,
ਮੈਂ ਰਹਿੰਦਾ ਕਦੀ ਉਦਾਸ ਨਹੀਂ।

ਡਾਲਰ ਦੀ ਗਿਣਤੀ ਦਾ ਚੱਕਰ,
ਸਭ ਨੂੰ ਚੱਕਰ ਵਿਚ ਪਾ ਰੱਖਦਾ।
ਕੀਇਆਂ ਦੀ ਗੱਲ ਤਾਂ ਦੱਸਦੀ ਹੈ,
ਇਥੇ ਰੱਬ ਦੀ ਹਸਤੀ ਖਾਸ ਨਹੀਂ।

ਮਾਇਆ ਦੀ ਤਿੱਖੀ ਛੁਰੀ ਨੇ,
ਜ਼ਿੰਦਗੀ ਦਾ ਟੁਕੜਾ ਕਰ ਛੱਡਿਆ।
ਇਥੇ ਹਿਰਸ ਪਿਆਸੇ ਕੀਇਆਂ ਨੂੰ,
ਬੇਚੈਨੀ ਹੈ, ਧਰਵਾਸ ਨਹੀਂ।

# ਆਊਟ ਆਫ ਫੋਕਸ

ਜਸਬੀਰ ਮਾਨ / ਲਿਵਰਪੂਲ

ਇਹ ਪੇਪਰ ਜਿਹੜਾ ਆਊਟ ਆਫ ਫੋਕਸ ਹੈ
ਜੋ ਮੈਨੂੰ ਹੁਣੇ ਦਿਤਾ ਹੈ ਇਕ ਹਿਪੀ-ਨੁਮਾ ਅਧਿਆਪਕਾ ਨੇ।
ਸਮਾਂ ਫੈਸ਼ੀ ਢੰਗ ਦੇ ਗੇੜਾਂ ਵਾਂਗ ਤਿੰਨ ਘੰਟੇ ਹੈ,
ਤੇ ਨੰਬਰ ਮੌਲਿਕ ਅਧਿਕਾਰਾਂ ਵਾਂਗ ਸਭਨਾਂ ਪ੍ਰਸ਼ਨਾਂ ਦੇ ਬਰਾਬਰ ਬਰਾਬਰ।
ਪੰਜ ਨੰਬਰ ਸੁੰਦਰ ਲਿਖਤ ਦੇ ਹਨ।
ਕੁੜੀਆਂ ਚਮਿਆਰਾਂ ਦੀਆਂ ਰਾਖਵੀਆਂ ਸੀਟਾਂ ਦੇ ਵਾਂਗ।
ਇਸ ਪੇਪਰ ਵਿਚ ਪੁੱਛਿਆ ਗਿਆ ਹੈ ਕਿ-
ਭਾਰਤ ਵਿਚ ਲੋਹੇ ਤੇ ਸੀਮੈਂਟ ਦੇ ਕਾਰਖਾਨੇ ਕਿਥੇ ਕਿਥੇ ਹਨ?
ਪਰ ਮੈਂ ਹੈਰਾਨ ਹਾਂ ਕਿ ਇਹ ਕਿਉਂ ਨਹੀਂ ਪੁੱਛਿਆ ਕਿ-
ਲੋਹੇ ਤੇ ਸੀਮੈਂਟ ਨੂੰ ਹਜ਼ਮ ਕਰਨ ਵਾਲੇ ਚੂਰਨ ਦਾ ਫਾਰਮੂਲਾ ਕੀ ਹੁੰਦਾ ਹੈ?
ਇਸ ਪੇਪਰ ਵਿਚ ਪੁੱਛਿਆ ਗਿਆ ਹੈ ਕਿ-
ਫਸਲਾਂ ਦੇ ਕੀ ਲਾਭ ਤੇ ਕੀ ਨੁਕਸਾਨ ਹੁੰਦੇ ਹਨ?
ਪਰ ਮੇਰੇ ਯਾਰੋ! ਇਹ ਕਿਉਂ ਨਹੀਂ ਪੁੱਛਿਆ ਕਿ-
ਖਾਕੀ ਦੇ ਦੂਧੀਆ ਪੱਟਾਂ ਵਿਚ ਵੈਂਹਦੇ ਗਰਮ ਖੂਨ ਦੀ ਸਿਆਸਤ ਕੀ ਹੈ?
ਤੀਸਰਾ ਪ੍ਰਸ਼ਨ ਹੈ ਕਿ-
ਮਹਾਤਮਾ ਗਾਂਧੀ ਦੀ ਅਹਿੰਸਾ ਦੇ ਅਸੂਲਾਂ ਦਾ ਵਰਣਨ ਕਰੋ?
ਪਰ ਅਧਿਆਪਕੋ! ਇਹ ਕਿਉਂ ਨਹੀਂ ਪੁੱਛਿਆ ਗਿਆ ਕਿ-
ਸੜਕਾਂ ਦਾ ਰੰਗ ਸੁਰਮਈ ਹੋਣ ਦੇ ਬਾਂ ਕਦੇ ਕਦੇ ਲਾਲ ਕਿਉਂ ਹੁੰਦਾ ਹੈ?
ਅਗਲਾ ਪ੍ਰਸ਼ਨ ਹੈ ਕਿ-
ਭਗਤ ਸਿੰਘ ਸ਼ਹੀਦ ਦੇ ਜੀਵਨ ਤੇ ਇਕ ਨੋਟ ਲਿਖੋ?
ਪਰ ਸੁਆਲ ਉਠਦਾ ਹੈ ਕਿ ਇਹ ਕਿਉਂ ਨਹੀਂ ਪੁੱਛਿਆ ਗਿਆ ਕਿ-
ਭਗਤ ਸਿੰਘ ਦੇ ਭਗਤਾਂ ਦੇ ਕਾਤਲ ਸਿਪਾਹੀ 'ਸਖ਼ਤ ਮੁਕਾਬਲੇ' ਪਿਛੋਂ
ਕਿਵੇਂ ਮਿੰਟਾਂ ਵਿਚ ਥਾਣੇਦਾਰ ਬਣਦੇ ਹਨ-
ਸਮਾਂ ਪੰਦਰਾਂ ਮਿੰਟ ਹੋ ਚੁੱਕਿਆ ਹੈ
ਪਰ ਮੈਂ ਇਕ ਅੱਖਰ ਵੀ ਕਿਸੇ 'ਸੁਆਲ' ਦੇ ਜੁਆਬ ਵਿਚ ਨਹੀਂ ਲਿਖਿਆ.
ਮੇਰਾ ਜੀਅ ਕਰਦਾ ਹੈ ਇਹ ਪੇਪਰ ਉਸ ਹਿਪੀ-ਨੁਮਾ ਅਧਿਆਪਕਾ ਦੇ ਮੂੰਹ ਤੇ ਮਾਰਾਂ-
ਤੇ ਉਚੀ ਉਚੀ ਕੂਕਾਂ ਕਿ-
"ਪੇਪਰ ਆਊਟ ਆਫ ਫੋਕਸ ਹੈ"- "ਪੇਪਰ ਆਊਟ ਆਫ ਫੋਕਸ ਹੈ"
ਪਰ ਬੁੱਢੀ ਮਾਂ ਦੀਆਂ ਤੈਰੀਆਂ ਵੇਖਕੇ ਤਾਰੀਆਂ ਟੀਸਾਂ,
ਤੇ ਬੁੱਢੇ ਪਿਉ ਦੀਆਂ ਸਿਆੜਾਂ ਵਰਗੀਆਂ ਵਿਆਈਆਂ 'ਚ ਉਗੀਆਂ ਫਿਕਰਾਂ
ਮੈਨੂੰ ਇਹ ਸੋਚਣ ਲਈ ਮਜਬੂਰ ਕਰ ਦਿੰਦੀਆਂ ਹਨ ਕਿ
ਪੇਪਰ ਫੋਕਸ ਚੋਂ ਹੈ, ਪੇਪਰ ਫੋਕਸ ਚੋਂ ਹੈ।

o




ਸੋਨੇ ਦੇ ਲੇਟੈਸਟ ਡੀਜ਼ਾਈਨਾਂ ਵਿੱਚ
ਗਹਿਣੇ ਬਣਵਾਉਣ ਲਈ
ਸੋਨੀ ਐਂਡ ਸਨਜ਼
SONI & SONS
JEWELLERS
Specialist in East Indian Jewelery

PHONE 324-1012
RES. 327-0783
6524 MAIN ST.
( AT 49th. Ave.)
VANCOUVER, B.C.

# ਇਹ ਕਿਵੇਂ ਹੋ ਸਕਦਾ ਹੈ

—ਅਤਰਜੀਤ

ਇਹ ਕਿਵੇਂ ਹੋ ਸਕਦਾ ਹੈ ਦੋਸਤਾ-
ਕਿ ਕਾਇਰ ਕੇ ਸੁਲਾ ਦੇਈਏ
ਛਾਲਾਂ ਲੈਂਦੇ ਕੋਮਲ ਗੁਦਗੁਦੇ ਸੁਪਨਿਆਂ ਨੂੰ;
ਪੋਟੇ ਜਿਨ੍ਹਾਂ ਦੇ ਟਟੋਲਦੇ
ਭੁੱਖੀ ਕਲਪਦੀਆਂ ਛਾਤੀਆਂ
ਤੇ ਹੋਠ ਜਿਨ੍ਹਾਂ ਦੇ ਛੂੰਹਦੇ
ਅੰਮ੍ਰਿਤ ਜੇਹਾ ਸੀਰ ?
ਇਹ ਵੀ ਕਿਵੇਂ ਮੰਨ ਲਈਏ
ਕਿ ਸਾਡੇ ਹਿੱਸੇ ਤਾਂ ਕੇਵਲ ਆਏ ਨੇ ਸਰਾਪ
ਕਿ ਨਹੀਂ ਮੁੱਕ ਗਿਆ
ਸਾਡੇ ਦੁਖਾਂ ਦੀ ਰਾਤ ਅੰਧੇਰੀ
ਇਸ ਮੌਸਮ ਦਾ ਬਾਜ਼ ?
ਕਰਮੀ ਤੇ ਹੋਣੀ ਰੱਖ ਕੇ
ਇਹ ਕਿਵੇਂ ਸੋਚੀਏ
ਕਿ ਸਾਡੇ ਲੇਖੇ ਤਾਂ
ਹਨੇਰੀਆਂ ਰਾਤਾਂ ਦੀ ਕਾਲਖ ਲਿਖੀ ਗਈ ਹੈ;
ਅਸਮਾਨ ਵਿਚ ਚਾਨਣ ਤਾਂ
ਮੇਰੇ ਤੜਫਦਿਆਂ ਤੇ ਧੂੜ-ਪਾਉਂਦੀ
ਫੀਏਟ ਨੂੰ ਹੀ ਪੋਂਹਦਾ ਹੈ?
ਜਦ ਵੀ ਤੋਤਲੇ ਜਿਹੇ ਸੁਪਨਿਆਂ ਨੂੰ
ਉਂਗਲੀ ਲਾ ਕੇ ਤੋਰਿਆ ਹੈ
ਮੌਸਮ ਦਾ ਬਾਜ਼
ਇਨ੍ਹਾਂ ਬੋਟਾਂ ਦੇ ਮਾਸੂਮ ਪਿੰਡੇ
ਨੋਚਣ ਲਈ ਝਪਟਿਆ ਹੈ
ਸਾਡੇ ਵਿਹੜੇ ਵਿਚ ਬਾਜ਼ਾਂ ਨੋਚਦੇ
ਮੇਰੇ ਅਰਮਾਨਾਂ ਨੂੰ
ਅਣਖੀ ਮੁਕਾਬਲੇ ਦਾ ਵਿਚਾਰ ਬਣਾਇਆ
ਤਾਂ ਮੇਰਾ ਹਮਸਾਇਆ
ਦੇਖ ਰਿਹਾ ਸੀ ਤਮਾਸ਼ਬੀਨ ਬਣ
ਦੋਸਤਾ! ਉਹ ਕਿਰਤੀਆਂ ਵਿਚਾਰੀਆਂ ਨਾਲ ਦੀ
ਨਹੀਂ ਪਰਚਾਇਆ ਜਾਣਾ ਚਿੱਤ-
ਬਾਗ਼ਾਂ ਦੀ ਖਿੜੀ ਗੁਲਜ਼ਾਰ
ਬਹਾਰਾਂ ਦਾ ਭੁਲੇਖਾ ਪਾਉਂਦੀ ਹੈ
ਤੇ ਮੁੱਖ-ਮੰਤਰੀ ਦੀ ਪਤਨੀ ਦੀ ਮੁਸਕਾਨ 'ਚੋਂ
ਉੱਠੀ ਸੁਗੰਧ "ਖੁਸ਼ਹਾਲੀ" ਦਾ ਕਰਦੀ ਹੈ ਐਲਾਨ
ਤਾਂ ਇਹ ਕਿਵੇਂ ਹੋ ਸਕਦਾ ਹੈ
ਕਿ ਸੁਪਨਿਆਂ ਨੂੰ ਪਰ ਖਿਣ ਲਵਾਂ
ਤੇ ਕਾਇਰ ਕੇ ਸੁਲਾ ਦਿਆਂ
ਜਾਂ ਅਫੀਮ ਦੀ ਗੁੜ੍ਹਤੀ ਦੇ ਦਿਆਂ।

# ਕਿਰਤ ਦੇ ਨਾਂ

ਪ੍ਰਮਾਤਮਾਂ ਪਾਰਸ

ਓ! ਦੁਖੀਆ ਧਰਤੀ ਦੇ ਪੁਰਸ਼ਾ, ਤੇਰੀ ਲੰਮੀ ਦਰਦ ਕਹਾਣੀ ਏ,
ਮੁਫ਼ਤ ਰੂਪੀ ਮਿਹਨਤ ਤੇਰੀ, ਧਨਵਾਨਾਂ ਲਈ ਪਾਣੀ ਏ,
ਓ! ਦੁਖੀਆ ਧਰਤੀ ਦੇ ਪੁਰਸ਼ਾ, ਤੇਰੀ ਲੰਮੀ ਦਰਦ ਕਹਾਣੀ ਏ,

ਤੇਰੀ ਕਿਰਤ ਭਿਖਾਰਨ ਬਣਕੇ ਝੋਲੀ ਅੱਡੀ ਫਿਰਦੀ ਏ,
ਪਿੰਡੋਂ ਲੈ ਕੇ ਦਿੱਲੀ ਤਾਂਈ ਹਰ ਸ਼ਹਿਰ ਵਿਚ ਮਰਦੀ ਏ,
ਰਾਜ ਕਰੇਂਦੀ ਡੈਣ ਹਕੂਮਤ ਇਹ ਪੁੱਤਰਾਂ ਨੂੰ ਖਾਣੀ ਏ,
ਮੁਫ਼ਤ ਰੂਪੀ ਮਿਹਨਤ ਤੇਰੀ, ਧਨਵਾਨਾਂ ਲਈ ਪਾਣੀ ਏ,

ਅਦਲ ਬਦਲ ਕੇ ਦੀ ਆ ਜਾਣ ਚੋਰ ਇਹੋ ਜਿਹੀਆਂ ਮਾਲਕੀਆਂ,
ਤੇਰੀ ਪੱਗੜੀ ਪੁਟਦੀ ਰਹਿਣੀ, ਇਹ ਭੂਤਾਂ ਨੇ ਕਲਪਾਈਆਂ,
ਤੇਰੀ ਸ਼ਾਂਤੀ ਛੰਨਾਂ ਵਿਚ ਹੈ ਇਹ ਗੱਲ ਸਮੇਂ ਦੀ ਜਾਣੀ ਏ,
ਮੁਫ਼ਤ ਰੂਪੀ ਮਿਹਨਤ ਤੇਰੀ, ਧਨਵਾਨਾਂ ਲਈ ਪਾਣੀ ਏ।

ਧੀ ਦੀਆਂ ਸਧਰਾਂ, ਚਾਅ ਪੁੱਤਰਾਂ ਦੇ ਵਿਲਕ ਵਿਲਕ ਕੇ ਮਰਦੇ ਨੇ,
ਤਪਦੀ ਕਿਰਤ ਥਲਾਂ ਵਿਚ ਮੱਛੀ ਦਮ ਨਾ ਪੂਰੇ ਭਰਦੇ ਨੇ,
ਗਮਾਂ ਦੇ ਭਾਂਬੜਾਂ ਰੱਤ ਸੁਕਾਈ, ਤੇਰ ਨਾ ਉਲਝੀ ਤਾਣੀ ਏ,
ਮੁਫ਼ਤ ਰੂਪੀ ਮਿਹਨਤ ਤੇਰੀ, ਧਨਵਾਨਾਂ ਲਈ ਪਾਣੀ ਏ।

ਖੁਰਦਾ! ਖੁਰਦਾ!! ਖੁਰਦਾ ਜਾਵੇਂ ਖੁਰ ਗਏ ਤੇਰੇ ਹਾੜ ਸਿਆਲ,
ਤੂੰ ਉਹ ਰੁਖੜਾ ਨਦੀ ਕਿਨਾਰੇ ਜਾਗ ਤੇ ਆਪਣਾ ਆਪ ਸੰਭਾਲ,
ਚੰਡੀਗੜ੍ਹ ਤੇ ਦਿੱਲੀ ਖਹਿਣੀ, ਇਕ ਇਕ ਰਗ ਤੇਰੀ ਜਾਣੀ ਏ,
ਮੁਫ਼ਤ ਰੂਪੀ ਮਿਹਨਤ ਤੇਰੀ, ਧਨਵਾਨਾਂ ਲਈ ਪਾਣੀ ਏ।

# ਘਰ ਖਰੀਦੋ ਚਾਹੇ ਵੇਚੋ

ਮਕਾਨ ਖ੍ਰੀਦਣ ਤੇ ਵੇਚਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ
ਅਸੀਂ ਤੁਹਾਡੇ ਮਕਾਨ ਦਾ ਚੰਗਾ ਮੁਲ ਦੇ ਸਕਦੇ ਹਾਂ

* RESIDENTIAL
* COMMERCIAL
* APARTMENTS
* BUILDING LOTS
* FARMS
* MORTGAGES

TEL: 872-7827
873-1969



*RIASAT ALI KHAN (President)*

## KINGSGATE REALTY LTD.

104 KINGSGATE MALL
370 EAST BROADWAY VANCOUVER, B.C. V5T 4G5

**Autoplan** Authorised agent

## KINGSGATE INSURANCE AGENCIES



Riasat Ali Khan
President



Fazal Khan
Manager



Siraj Khan
Vice President

* Auto Insurance and Liscence
* Fire, Theft & Liability
* Life, accident & sickness
* Annuities and pension plans
* Registered retirement savings plan

104 KINGSGATE MALL
370 EAST BROADWAY VANCOUVER, B.C. V5T 4G5

FOR ALL YOUR INSURANCE NEEDS — KINGSGATE INSURANCE AGENCIES

**Bus. Tel. 872-7827 or 874-2125**

# ਕਾਮਰੇਡ ਕੂੰਢਾ ਸਿੰਘ

ਜਸਵੰਤ ਸਿੰਘ ਕੰਵਲ

ਮਾਨਸਿਕ ਅੱਚਵੀ ਕਾਰਨ ਉਹਦਾ ਹਰ ਸੈੱਲ ਆਪਣੇ ਟਿਕਾਣਿਓਂ ਹਿੱਲ ਚੁੱਕਾ ਸੀ। ਲੋਕਾਂ ਨੂੰ ਆਰਥਕ ਮਸਲੇ ਸਮਝਾਉਣ ਵਾਲਾ ਕੂੰਢਾ ਸਿੰਘ ਸੰਜੀਦਾ ਚੁੱਪ ਨੇ ਵਿੰਨ੍ਹ ਰੱਖਿਆ ਸੀ। ਵਰਕਰ ਮਨੁੱਖ ਘੱਟ, ਘੋੜਾ ਬਹੁਤਾ ਹੁੰਦਾ ਹੈ। ਜਿਸ ਨੂੰ ਪਾਰਟੀ ਨੇਤਾ ਡਸਿਪਲਿਨ ਦੀ ਲਗਾਮ ਦੇ ਕੇ ਮਨਮਰਜ਼ੀ ਨਾਲ ਵਾਹੁੰਦੇ ਹਨ। ਸੋਚਾਂ ਦਾ ਘੋਲ ਉਹਦੇ ਸਿਰ ਗੜਗੱਜਾਂ ਪਾ ਰਿਹਾ ਸੀ, ਜਿਵੇਂ ਧਰਤੀ ਦੀ ਹਿੱਕ ਹੇਠਾਂ ਲਾਵਾ ਉਬਾਲੇ ਖਾਂਦਾ ਹੈ। ਇਕ ਵਾਰ ਉਹਦੇ ਜੀ ਵਿਚ ਆਈ ਆਪਣੇ ਕਾਮੇ ਲੋਕਾਂ ਨੂੰ ਆਖਾਂ ਹੁਣ ਮੈਂ ਤੁਹਾਨੂੰ ਫੈਸਲਾ-ਕੁਨ ਤਬਦੀਲੀ ਤੱਕ ਨਹੀਂ ਲੈ ਜਾ ਸਕਦਾ। ਮੇਰੀ ਪਾਰਟੀ ਨੇ ਅਸਲ ਨਿਸ਼ਾਨੇ ਵਾਲਾ ਪੈਂਤਰਾ ਬਦਲ ਲਿਆ ਹੈ।

'ਕੂੰਢਾ ਸਿਆਂ ਪਾਰਟੀ ਪਹਿਲਾਂ ਹੈ ਜਾਂ ਕਾਮੇ ਲੋਕ ? ਪਾਰਟੀ ਨਾਲ ਵਫ਼ਾਦਾਰੀ ਜਾਂ ਜ਼ਮੀਰ ਦੇ ਸੱਚ ਵਿਚੋਂ ਇਕ ਨੂੰ ਹੀ ਚੁਣਨਾ ਪਵੇਗਾ। ਦੋ ਬੇੜੀਆਂ ਦਾ ਸਵਾਰ ਨਿੱਜ ਤੇ ਪਰ ਦੋਹਾਂ ਦਾ ਲਾਹਨਤੀ ਹੁੰਦਾ ਹੈ।'

ਮਜਬੂਰੀ ਮੂੰਹ, ਉਹ ਪਾਰਟੀ ਦੇ ਜ਼ਬਤ ਦਾ ਬੱਧਾ ਪਿੰਡ ਦੀ ਪਦ-ਯਾਤਰਾ ਵਿਚ ਸ਼ਾਮਲ ਹੋਇਆ ਸੀ। ਜਿਸ ਵਿਚ ਬੁਰਜੁਆਜ਼ੀ ਨੇ ਆਪਣੇ ਪ੍ਰੋਗਰਾਮ ਦੇ ਨਾਹਰੇ ਨਾਲ ਕਾਮੇ ਤੇ ਗ਼ਰੀਬ ਲੋਕਾਂ ਨੂੰ ਪੁਰਾਣਾ ਲਾਰਾ ਮੁੜ ਸੱਜਰਾ ਕਰਕੇ ਦਿੱਤਾ ਸੀ। ਹੁਣ ਉਹ ਸਾਰਿਆਂ ਤੋਂ ਪਿਛਾਂਹ ਪੈਰ ਘਸੀਟ ਘਸੀਟ ਤੁਰਦਾ ਵਿਧੀ-ਵਿਰੋਧੀ ਸਵਾਲਾਂ ਵਿਚ ਉਲਝਿਆ ਪਿਆ ਸੀ। ਉਹਦਾ ਸਾਥੀ ਲਾਣਾ ਅੱਗੇ ਲੰਘ ਗਿਆ ਸੀ।' 'ਮਨੁੱਖ ਵਰਕਰ ਹੋਵੇ, ਭਾਵੇਂ ਮਹਾਨ ਨੇਤਾ, ਤਾਰੀਖ ਦੇ ਨਾਜ਼ਕ ਮੋੜ ਉਤੇ ਆਪਣੀ ਜ਼ਮੀਰ ਦੇ ਛਾਂਟਿਆਂ ਤੋਂ ਬਚ ਨਹੀਂ ਸਕਦਾ। ਲੈਨਿਨ ਤੀਜੀ ਇੰਟਰਨੈਸ਼ਨਲ ਤੋਂ ਕਿਉਂ ਪਾਸੇ ਹੋ ਗਿਆ ਸੀ ? ਇੰਟਰਨੈਸ਼ਨਲ ਤਾਂ ਓਦੋਂ ਅਸਲੋਂ ਖੱਸੀ ਹੋ ਗਈ ਸੀ। ਆਂਹਦੇ ਨੇ, ਹਜ਼ਰਤ ਮਾਓ ਨੇ ਵੀ ਇਕ ਸਮੇਂ ਪਾਰਟੀ ਤੋਂ ਰਾਹ ਵਖਰਾਅ ਲਿਆ ਸੀ। ਸੁਚੇਤ ਜ਼ਮੀਰ ਵਾਲਾ ਕੋਈ ਵੀ ਮਨੁੱਖ ਇਨਕਲਾਬ ਦੀ ਲੀਹੋਂ ਕਿਵੇਂ ਲਹਿ ਸਕਦਾ ਹੈ। ਤਾਂ ਹੁਣ ਬੁੱਢੇ ਵਾਰੇ ਪਾਰਟੀ ਤੋਂ ਵੱਖ ਹੋਵਾਂ ? ਨਾ ਭਈ, ਮੈਂ ਪਾਰਟੀ ਬਿਨਾਂ ਨਹੀਂ ਬਚ ਸਕਦਾ। ਪਾਰਟੀ ਤਾਂ ਵਰਕਰਾਂ ਦੀ ਮਾਂ ਹੁੰਦੀ ਹੈ। ਮਾਂ ਨੂੰ ਔਖੇ ਸਮੇਂ ਬੱਚਿਆਂ ਤੋਂ ਕੁਰਬਾਨ ਨਹੀਂ ਹੋ ਜਾਣਾ ਚਾਹੀਦਾ ? ਕੂੰਢਾ ਸਿਆਂ ਤੇਰੇ ਅੰਦਰਲਾ ਬੁੱਢਾ ਮਨੁੱਖ ਪੈਨਸ਼ਨ ਤੇ ਤਾਮਰ-ਪੱਤਰਾਂ ਦੀ ਝਾਕ ਵਿਚ ਸਮੇਂ ਦੇ ਸੱਚ ਦਾ ਗਲ ਘੁੱਟਿਆ ਚਾਹੁੰਦਾ ਹੈ। ਨਹੀਂ, ਮੇਰੇ ਮਨ ਕੋਈ ਖੁਦ ਗਰਜ਼ੀ ਨਹੀਂ, ਮੈਂ ਲੋਕਾਂ ਦੀ ਸਹੁੰ ਖਾ ਕੇ ਆਖਦਾ ਹਾਂ ਪਾਰਟੀ ਦਾ ਵੀ ਕੋਈ ਦੋਸ਼ ਨਹੀਂ। ਅਸਲ ਵਿਚ ਪਾਰਟੀ ਦੇ ਬੁੱਢੇ ਤੋਤਿਆਂ ਨੂੰ ਚੂਰੀ ਦਾ ਚਸਕਾ ਪੈ ਗਿਆ ਏ, ਬਾਹਰਲੇ ਦੇਸ਼ਾਂ ਦੀਆਂ ਬੀਮਾਰੀਆਂ ਬਹਾਨੇ ਸੈਰਾਂ, ਜ਼ਿਆਫ਼ਤਾਂ, ਦੋ-ਭਾਸ਼ਨ ਕੁੜੀਆਂ ਦੀਆਂ ਦੋਸਤੀਆਂ, ਨਾਚ ਮੰਡਲੀਆਂ ਦੇ ਹੁਲਾਰੇ, ਹੋਰ ਮੁਲਕਾਂ ਵਿਚ ਜਾਣ ਲਈ ਉੱਚ ਅਧਿਕਾਰੀਆਂ ਨਾਲ ਗਾਂਢੇ-ਸਾਂਢੇ ਤੇ ਅਖਬਾਰਾਂ ਵਿਚ ਛਪਦੀਆਂ ਤਸਵੀਰਾਂ ਨੇ ਉਹਨਾਂ ਦਾ ਤਿੱਖਾ ਡੰਗਾ ਰੇਤ ਸੁੱਟਿਆ ਹੈ। ਨਵੀਂ ਕਾਂਗਰਸ ਵਿਚ ਉਹਨਾਂ ਨਵੀਂ ਬੁਰਜੁਆ ਸਰਕਾਰ ਨਾਲ ਮਿਲਕੇ ਚਲਣ ਦਾ ਮਤਾ ਪਾਸ ਕਰਵਾ ਲਿਆ। ਵਾਹ ਉਏ ਭੁੱਡੂ ਲਾਣਿਆਂ ! ਇਹ ਪਾਰਟੀ ਦੇ ਮੁੱਖ ਅਸੂਲਾਂ ਤੋਂ ਬੇਦਾਵਾ ਨਹੀਂ ? ਲੋਕਾਂ ਨਾਲ ਨੰਗੀ ਚਿੱਟੀ ਗ਼ਦਾਰੀ ਨਹੀਂ ? ਇਨਕਲਾਬੀ ਸਿਧਾਂਤ ਸਿਉਂਕ ਦਾ ਆੜੀ ਹੋ ਗਿਆ ਤੇ ਅਮਲ ਕੁਰਾਹੀਆ। ਗਲਤ ਲੀਡਰ, ਸਜ਼ਾ ਪਾਰਟੀ ਨੂੰ ?"

"ਕਾਮਰੇਡ ਕੂੰਢਾ ਸਿਆਂ ! ਤੂੰ ਪਾਰਟੀ ਵਾਲਿਆਂ ਦੇ ਨਾਲ ਕਿਉਂ ਨਹੀਂ ਰਲਦਾ ?" ਹੱਥ ਪੰਪ ਉੱਤੋਂ ਪਾਣੀ ਪੀ ਚੁੱਕੇ ਇਕ ਨੌਜਵਾਨ ਨੇ ਉਸ ਨੂੰ ਇਕ ਤਰ੍ਹਾਂ ਝੰਜੋੜਿਆ।

"ਵੇਲੇ ਦਾ ਰੋਣ ਤੇ ਕੁਵੇਲੇ ਦੀਆਂ ਟਾਹਰਾਂ। ਜਾਗਦਿਆਂ ਨੂੰ ਪੈਂਦ ਪਾਉਣ ਲੱਗੇ ਓ। ਤੇਰੇ ਲੀਡਰਾਂ ਲੋਕਾਂ ਤੋਂ ਮੂੰਹ ਈ ਕਾਲਾ ਕਰਾਉਣਾ ਏ, ਤੁਸੀਂ ਪਹਿਲਾਂ ਕਰਵਾ ਲਓ, ਮੈਂ ਪਿੱਛੋਂ ਕਰਾ ਲਊਂਗਾ।" ਕੂੰਢਾ ਸਿੰਘ ਨੇ ਵਰਕਰ ਨੂੰ ਕੌੜੀਆਂ ਫਿੱਕੀਆਂ ਆਖ ਕੇ ਮਨ ਸਾਵਾਂ ਕਰਨਾ ਚਾਹਿਆ।

"ਬੁੱਢੀ ਹੋ ਗਈ ਕੱਤਣਾ ਨਾ ਆਇਆ। ਸੱਤਰੇ ਬਹੱਤਰੇ ਤਬਦੀਲੀ ਦੀ ਵੱਤ ਕੀ ਜਾਣਨ।" ਮੁੰਡਾ ਕਾਮਰੇਡ ਨੂੰ ਚੋਟ ਮਾਰਕੇ ਅੱਗੇ ਨਿਕਲ ਗਏ ਸਾਥੀਆਂ ਨਾਲ ਜਾ ਰਲਿਆ। ਉਸ ਪਿੰਡ ਦੇ ਜਲਸੇ ਵਿਚ ਸਭ ਤੋਂ ਪਹਿਲਾਂ 'ਆ ਰਿਹਾ ਸਮਾਜਵਾਦ' ਨਾਂ ਦੀ ਨਜ਼ਮ ਪੜ੍ਹਨੀ ਸੀ।

'ਕਾਮਰੇਡ ਕੂੰਢਾ ਸਿਆਂ'; ਉਸ ਆਪੇ ਨੂੰ ਆਖਿਆ, 'ਇਹ ਬੋਟ ਹੁਣ ਤੈਨੂੰ ਤੁਰਨਾ ਸਿਖਾਉਣਗੇ।'

"ਬਾਬਾ ਤੂੰ ਪਾਸੇ ਹਟ, ਮੈਨੂੰ ਘੜਾ ਭਰਨ ਦੇ ਇਕ ਸਾਉਲੇ ਰੰਗ ਦੀ ਅੱਧੀ ਜ਼ਨਾਨੀ ਅੱਧੀ ਮੁਟਿਆਰ, ਖੱਬੇ ਹੱਥ ਖ਼ਾਲੀ ਘੜਾ ਹਿਲਾ ਰਹੀ ਸੀ।

"ਪਾਸੇ ਹਟਾਂ ! ਗੱਲ ਤਾਂ ਭਾਈ ਬੀਬਾ ਤੇਰੀ ਠੀਕ ਐ" ਦੋ ਚਿੱਤੀ ਵਿਚ ਥਾਏਂ ਖਲੋਤਾ ਕੂੰਢਾ ਸਿੰਘ ਸੋਚਦਾ ਰਿਹਾ।

"ਦੇਰ ਹੋ ਗਈ ਤੇ ਮੇਰਾ ਖਸਮ ਮਾਰੇਗਾ, ਤੂੰ ਪਾਸੇ ਕਿਉਂ ਨਹੀਂ ਹਟਦਾ ?"

ਕੂੰਢਾ ਸਿੰਘ ਨੂੰ ਸਮਝ ਆ ਗਈ। ਉਹ ਪੰਪ ਤੋਂ ਪਰ੍ਹਾਂ ਹੋ ਕੇ ਪਾਣੀ ਭਰਨ ਵਾਲੀ ਨੂੰ ਜ਼ਬਾਨ ਅਤੇ ਕਲਚਰ ਦੇ ਪੱਖੋਂ ਨੀਝ ਦੀਆਂ ਨਜ਼ਰਾਂ ਨਾਲ ਜਾਚਣ ਲੱਗਾ। ਕਾਲਾ ਰੰਗ, ਮਾਤਾ ਦੇ ਦਾਗ ਤੇ ਪੈਰਾਂ ਵਿਚ ਚਾਂਦੀ ਦੇ ਛੱਲੇ ਇਹ ਪੰਜਾਬਣ ਤਾਂ ਨਹੀਂ ? ਜ਼ਨਾਨੀ ਮੂੰਹ ਵਿਚ ਆਪਣੇ ਮਾਲਕ ਨੂੰ ਗਾਲ੍ਹਾਂ ਦੇ ਰਹੀ ਸੀ। ਇਹਦਾ ਮਾਲਕ ਇਸ ਨੂੰ ਕਿਉਂ ਮਾਰਦਾ ਹੈ ? ਕਾਮੇ ਮਨੁੱਖ ਨੂੰ ਕੋਈ ਕਿਉਂ ਮਾਰਦਾ ਹੈ ? ਜਦੋਂ ਦੁਨੀਆਂ ਤਕੜੇ ਮਾੜੇ ਦੀ ਜੰਗ ਹੈ ਅਸੀਂ ਮਾੜੇ ਦੀ

ਮਦਦ ਦਾ ਨਾਅਰਾ ਦੇ ਕੇ ਤਕੜੇ ਨੂੰ ਕਿਉਂ ਨਰੋਆ ਕਰੀਏ ?

"ਭਾਈ ਤੇਰਾ ਆਦਮੀ ਕੀ ਕੰਮ ਕਰਦਾ ਏ ?" ਬਾਬੇ ਨੇ ਮਨੁੱਖੀ ਹਮਦਰਦੀ ਨਾਲ ਪੁੱਛਿਆ। ਉਂਜ ਪਦ-ਯਾਤਰਾ ਦਾ ਪ੍ਰੋਗਰਾਮ ਸੀ। ਪਿੰਡਾਂ ਦੀ ਕਿਰਤੀ ਜਮਾਤ ਦਾ ਆਰਥਕ ਪੱਖੋਂ ਜਾਇਜ਼ਾ ਲਿਆ ਜਾਵੇ।

"ਬਾਬਾ ਕਿਸਮਤ ਫੂਟੀ, ਜੋ ਪਾਪੀ ਕੇ ਪੱਲੇ ਆ ਪੜੀ, ਲੁੱਚੇ ਡਰਾਈਵਰ ਕੇ ਸਾਥ ਘਰ ਸੇ ਭਾਗ ਆਈ।" ਜ਼ਨਾਨੀ ਨੇ ਘੜਾ ਧੋ ਕੇ ਪੰਪ ਗੇੜਨਾ ਸ਼ੁਰੂ ਕਰ ਦਿੱਤਾ। "ਮਤੇਈ ਭੀ ਲਕੜੀ ਸੇ ਮਾਰਤੀ ਹੈ। ਭਾਗ ਫੂਟੇ, ਦੇਸ ਛੂਟਾ, ਪਰਦੇਸ ਆ ਪੜੀ।"

ਕੁੰਦਾ ਸਿੰਘ ਨੂੰ ਆਪਣਾ ਸਵਾਲ ਭੁੱਲ ਗਿਆ। ਹਰ ਮਜ਼ਲੂਮ ਦਰਦਾਂ ਵਿੰਨ੍ਹੀ ਵਿੱਥਿਆ ਹੈ। ਭਗਵਾਨ ਬੁੱਧ ਨੇ ਦੁਨੀਆਂ ਨੂੰ ਦੁੱਖਾਂ ਦਾ ਘਰ ਆਖਿਆ, ਬੱਸ ਨਿਰਵਾਣ ਹੀ ਛੁਟਕਾਰੇ ਦਾ ਮਾਰਗ ਦੱਸਿਆ। "ਨਾਨਕ ਦੁਖੀਆ ਸਭ ਸੰਸਾਰ" ਉਚਾਰਣ ਵਾਲਾ ਵੈਦ ਨਾਮ ਸਿਮਰਣ ਨਾਲ ਦੁੱਖਾਂ ਦਾ ਇਲਾਜ ਕਰਦਾ ਰਿਹਾ। ਪਰ ਦੁੱਖਾਂ, ਕੁੱਟਾਂ, ਭੁੱਖਾਂ ਤੇ ਲੁੱਟਾਂ ਵਿਚ ਪੈਰ ਪੈਰ ਵਾਧਾ ਹੀ ਹੁੰਦਾ ਗਿਆ। ਮਾਰਕਸ ਤੇ ਲੈਨਿਨ ਨੇ ਆਰਥਿਕ ਇਨਕਲਾਬ ਦਾ ਗਾਡੀ ਰਾਹ ਚਲਾਇਆ ਅਤੇ ਕਿਰਤੀਆਂ ਨੂੰ ਜ਼ਿੰਦਗੀ ਦੇ ਆਜ਼ਾਦ ਤੇ ਅਸਲੀ ਵਾਰਸ ਬਣਾ ਕੇ ਅੱਧੀ ਦੁਨੀਆਂ ਦੀ ਤਾਰੀਖ ਹੀ ਬਦਲ ਸੁੱਟੀ। ਪਰ ਪਾਰਟੀ ਨੇ ਵਿਨੋਬਾ ਭਾਵੇ ਵਾਲੇ ਲੱਛਣ ਕਿਉਂ ਫੜ ਲਏ ?

"ਬਾਬਾ ਘੜਾ ਚੁਕਾਏਂਗਾ ?" ਜ਼ਨਾਨੀ ਨੇ ਸੜੀ ਲੀਰ ਦਾ ਈਨੂੰ ਬਣਾਉਣਾ ਸ਼ੁਰੂ ਕਰ ਦਿੱਤਾ।

"ਹੂੰ ਆ ਘੜਾ ?" ਕੁੰਦਾ ਸਿੰਘ ਨੇ ਖੂੰਡੇ ਉੱਤੋਂ ਧੌਲਾ ਮੂੰਹ ਚੁੱਕਿਆ। ਘੜਾ ਚੁਕਾ ਕੇ ਉਹ ਜ਼ਨਾਨੀ ਦੇ ਪਿੱਛੇ ਹੀ ਤੁਰ ਪਿਆ। ਪਾਰਟੀ ਵਾਲੇ ਵੀ ਉਸੇ ਪਾਸੇ ਗਏ ਸਨ। ਉਹ ਥੋੜ੍ਹੀ ਹੀ ਦੂਰ ਗਏ ਸੀ ਕਿ ਕੜਕਵੀਂ ਆਵਾਜ਼ ਕੰਨੀਂ ਪਈ।

"ਨੀ ਖੋਤੜੀਏ ਐਨਾ ਚਿਰ ?" ਜ਼ਨਾਨੀ ਦਾ ਬੱਤੀਆ ਮਾਲਕ, ਖੱਬੇ ਹੱਥ ਦੰਦਲ ਦਾਤੀ ਫੜੀ, ਸੱਜੇ ਨਾਲ ਭੋਣੀ ਵਾਲਾ ਰੱਸਾ ਘੁਮਾਈ ਜਾ ਰਿਹਾ ਸੀ। ਜ਼ਨਾਨੀ ਨੇ ਡਰ ਕੇ ਇਕ ਪਲ ਪੈਰ ਮਲ ਲਏ। ਉਸ ਨੂੰ ਜਾਪਿਆ, ਜਿੰਨੀ ਛੇਤੀ ਅਗਾਂਹ ਹੋਈ ਭੋਣੀ ਨੇ ਘੁਮੇਰ ਖਾ ਕੇ ਮੌਰਾਂ ਵਿਚ ਆ ਪੈਣਾ ਏ ਤੇ ਜੇ ਘੜਾ ਡਿੱਗ ਕੇ ਟੁੱਟ ਗਿਆ, ਕਹਿਰ ਹੀ ਵਰਤ ਜਾਏਗਾ। ਬਾਬਾ ਖੂੰਡਾ ਫੜ ਕੇ ਦੋਹਾਂ ਦੇ ਵਿਚਕਾਰ ਆ ਗਿਆ। ਉਹਦੀਆਂ ਧਾਜ ਵਰਤੀਆਂ ਅੱਖਾਂ ਕੁਤਰੇ ਜੱਟ ਨੂੰ ਰੁਕ ਜਾਣ ਲਈ ਤੰਬੀਹ ਕਰ ਰਹੀਆਂ ਸਨ।

"ਭਲਿਆ, ਘੜਾ ਭਰਨ ਤੋਂ ਬਿਨਾਂ ਚਿਰ ਤਾਂ ਇਸ ਲਾਇਆ ਈ ਕੋਈ ਨਹੀਂ। ਤੂੰ ਐਵੇਂ ਔਖਾ ਹੋਈ ਜਾਨਾ ਏ।"

"ਤੂੰ ਹੈਂ ਕੌਣ ਸਾਡੇ ਵਿਚਕਾਰ ਆਉਣ ਵਾਲਾ ?" ਭਖੇ ਸੌਲੇ ਮੂੰਹ ਤੇ ਅਣਵਾਹੀ ਜਟੂਰੀਆ ਬਣੀ ਦਾਹੜੀ ਵਿਚੋਂ ਮਿੱਡਾ ਨੱਕ ਛੁਕਾਰਿਆ। ਗਠੀਲਾ ਸਰੀਰ ਪਾਟੇ ਖੱਦਰ ਵਿਚੋਂ ਮੁੜ੍ਹਕਾ ਛੱਡ ਰਿਹਾ ਸੀ। ਉਹ ਚਰ੍ਹੀ ਦਾ ਦੂਜਾ ਭਾਰ ਲੈਣ ਜਾਣ ਵਾਲਾ ਸੀ।

"ਮੰਨ ਲਵੇਂ ਤਾ ਤੇਰੇ ਬਾਪ ਦੇ ਥਾਂ ਆਂ, ਨਾ ਮੰਨੇ ਕੁਝ ਵੀ ਨਹੀਂ।'

"ਬਾਪੂ ਤਾਂ ਮੇਰਾ ਸੱਕਾ ਨਹੀਂ ਬਣਿਆਂ ਤੂੰ ਕਿਧਰੋਂ ਬਣ ਜਾਏਂਗਾ"। ਬਾਪ ਨੇ ਉਸ ਨੂੰ ਫਿਰਨੀ ਵਾਲੇ ਵਾੜੇ ਅੱਡ ਕਰ ਦਿੱਤਾ ਸੀ। ਵਾੜੇ ਵਿਚ ਕੇਵਲ ਇਕ ਪਸੂਆਂ ਵਾਲਾ ਛੱਤੜਾ ਸੀ, ਜਿੱਥ ਉਸ ਸਿਆਲ ਨੂੰ ਮੰਜੀ ਡਾਹੀ ਸੀ। ਥੋੜ੍ਹੇ ਚਿਰ ਬਾਅਦ ਘਰਵਾਲੀ ਦੋ ਨਿਆਣੇ ਛੱਡ ਕੇ ਮਰ ਗਈ। ਸ਼ਰੀਕ ਭਰਾਵਾਂ ਦੋ ਦਿਨ ਰੋਟੀਆਂ ਲਾਹੁਣ ਤੇ ਰੋਣ ਧੋਣ ਤੋਂ ਬਿਨਾਂ ਮੁੜ ਦੁਖਦਾ ਸੁਖਦਾ ਵੀ ਨਹੀਂ ਪੁੱਛਿਆ। ਅਧੂਰੀ ਵਾਹੀ, ਰੋਟੀ ਤੇ ਨਿਆਣੇ ਵੇਖ ਕੇ ਉਸ ਬਿਹਾਰਨ ਲੈ ਆਂਦੀ। ਬਾਪੂ ਨੇ ਇਸ ਨਾਲ ਆਪਣਾ ਪਰ੍ਹੇ ਵਿਚ ਨੱਕ ਵੱਢਿਆ ਗਿਆ ਸਮਝਿਆ ਤੇ ਮੁੰਡੇ ਨੂੰ ਆਪਣੇ ਵੱਲੋਂ ਮਰਿਆ ਜਾਣ ਕੇ ਸਾਰਾ ਹੀ ਮੂੰਹ ਮੋੜ ਲਿਆ।

"ਕਾਮਰੇਡ ! ਕਾਮੇ ਮਨੁੱਖ ਸਭ ਭਰਾ ਹੁੰਦੇ ਐ।" ਕੁੰਦਾ ਸਿੰਘ ਨੇ ਮੁੰਡੇ ਨੂੰ ਸ਼ਾਂਤ ਕਰਨ ਲਈ ਸੁਭਾਵਕ ਆਖਿਆ।

"ਹੱਛਾ ! ਤਾਂ ਤੂੰ ਉਹਨਾਂ ਲੁੱਚਿਆਂ ਨਾਲਦਾ ਏਂ, ਜਿਹੜੇ ਜਲਸਾ ਕਰਨ ਦੇ ਬਹਾਨੇ ਹਰ ਸਾਲ ਬੋਕ ਨੂੰ ਦਾਣਾ ਕੱਠਾ ਕਰ ਕੇ ਲੈ ਜਾਂਦੇ ਐ।" ਉਹ ਇਕ ਦਮ ਤਾਅ ਖਾ ਗਿਆ। ਘਰ ਦੀਆਂ ਖ਼ਾਲੀ ਬੋਰੀਆਂ ਵੇਖ ਕੇ ਉਸ ਨੂੰ ਪੁਰਾਣੀਆਂ ਦਿੱਤੀਆਂ ਉਗਰਾਹੀਆਂ ਬੇਰੀ ਦੇ ਕੰਡੇ ਵਾਂਗ ਚੁਭ ਰਹੀਆਂ ਸਨ। ਕਿਉਂਕਿ ਜਲਸੇ ਤੇ ਉਗਰਾਹੀਆਂ ਨੇ ਉਠ ਤੋਂ ਛਾਨਣੀ ਲਾਹੁਣ ਜਿੰਨਾ ਵੀ ਭਾਰ ਹੌਲਾ ਨਹੀਂ ਕੀਤਾ ਸੀ।

ਕੁੰਦਾ ਸਿੰਘ ਜੱਟ ਦੇ ਭਰਵੇਂ ਵਾਰ ਨਾਲ ਪੈਰੋਂ ਉੱਖੜ ਗਿਆ। ਭੋਣੀ ਵਾਲਾ ਰੱਸਾ 'ਸਟਰਾਅਪ' ਕਰਦਾ ਉਹਦੀ ਸੋਚ ਨੂੰ ਆ ਵੰਜਾ। ਇਸ ਭਲੇ ਲੋਕ ਨੂੰ ਕੀ ਮੋੜ ਦੇਵਾ। ਸਾਹਮਣੇ ਚਿੱਕੜ ਵਿਚ ਲਿੱਬੜਿਆ ਨੱਥ ਵਿੰਨ੍ਹਾ ਝੋਟਾ, ਵਿਹੜੇ ਓਪਰਾ ਮਰਦ ਦੇਖ ਕੇ ਫੁੰਕਾਰੇ ਮਾਰ ਰਿਹਾ ਸੀ। ਉਹਦਾ ਅਗਲਾ ਪੈਰ ਡੋਕ ਦੀ ਮੁੰਨੀ ਦੇ ਭੇਲੜ ਨਾਲ ਬੱਝਾ ਹੋਇਆ ਸੀ। ਵੱਖੀਆਂ ਅੰਦਰ ਪੈਣ ਤੇ ਵੀ ਲਿੱਸਾ ਝੋਟਾ ਹੂਰ ਹੂਰ ਆਉਂਦਾ ਸੀ। ਖੁਰਲੀ ਤੇ ਕੱਚੀ ਕੰਧ ਨਾਲ ਢੁੱਡਾਂ ਮਾਰ ਮਾਰ ਉਸ ਆਪਣੇ ਸਿਰ ਗੰਜ ਪਾ ਲਿਆ ਸੀ।

ਜ਼ਨਾਨੀ ਘੜਾ ਰਖ ਕੇ ਤੱਕੜ ਗਾਂ ਵੱਗ ਵਿਚ ਰਲਾਉਣ ਤੁਰ ਗਈ। ਘਰ ਲਵੇਰਾ ਨਾ ਵੇਖ ਕੇ ਕੁੰਦਾ ਸਿੰਘ ਦੀ ਲੱਸੀ ਪੀਣ ਦੀ ਝਾਕ ਮੁੱਕ ਗਈ।

"ਜੇ ਰਾਹ ਵਿਚ ਅੱਖ-ਮਟੱਕਾ ਕੀਤਾ ਕਿਸੇ ਨਾਲ, ਹੱਡੀਆਂ ਤੋੜ ਦੇਊਂਗਾ" ਜੱਟ ਨੇ ਜਾਂਦੀ ਜ਼ਨਾਨੀ ਨੂੰ ਮੁੜ ਹਲੂਣਿਆ।

"ਇਕ ਦਿਨ ਮਾਰ ਹੀ ਤੋ ਦੇ, ਰੋਜ਼ ਰੋਜ਼ ਕਾ ਝਗੜਾ ਮੁਕੇ" ਜ਼ਨਾਨੀ ਨੇ ਖਲੋਤੇ ਬਾਬੇ ਦੀ ਸ਼ਹਿ ਨਾਲ ਆਪਣਾ ਹੰਮਾ ਵਿਖਾਇਆ।

"ਚੰਗਾ ਫੇਰ ਮੁੜ ਕੇ ਆ।"

ਕੁੰਦਾ ਸਿੰਘ ਉਸ ਦੇ ਦਬਕਾੜਿਆਂ ਉੱਤੇ ਮੁਸਕਾ ਪਿਆ; ਦੂਰੋਂ ਝੋਟੇ ਵਾਂਗ ਹੂਰਦਾ ਬਹੁਤਾ ਏ।

"ਤੀਵੀਂ ਨੂੰ ਮਾਰਨਾ ਜੁਰਮ ਏ। ਤੇ ਅੱਜ ਕੱਲ ਰਾਜ ਪਤਾ ਈ ਕੀਹਦਾ ਏ ?"

"ਤਾਹੀਂ ਤਾਂ ਚਾਮੁਲ ਗਈਆਂ। ਭੋਰਾ ਕੁ ਢਿੱਲ ਦੇਵਾਂ; ਝੱਟ ਕੰਧ ਉੱਤੋਂ ਦੀ ਕਿਸੇ ਨਾਲ ਸਾਈ ਵਧਾਈ ਲਾ ਲਊਗੀ। ਵੰਡ ਵਿਚ ਪੂਰੇ ਪੰਜ ਸੌ ਦਾ ਖੱਟਰ ਬਲਦ ਦਿੱਤਾ ਸੀ, ਝੱਟ ਕਿੱਲਾ ਵਾਹ ਦਿੰਦਾ ਸੀ।"

"ਜ਼ਮੀਨ ਕਿੰਨੀ ਐਂ ?" ਬਾਬੇ ਨੇ ਉਸ ਦੀ ਆਰਥਿਕ ਫੋਲਾ-ਫਾਲੀ ਕਰਨੀ ਚਾਹੀ।

"ਬੁੜ੍ਹੇ ਨੇ ਦੂਜੇ ਦੋ ਭਰਾਵਾਂ ਨਾਲ ਆਪਣਾ ਹਿੱਸਾ ਬਰਾਬਰ ਰੱਖ ਕੇ ਸਾਢੇ ਚਾਰ ਕਿੱਲੇ ਦੀ ਇਕ ਲੈਣ ਜਾਣ ਕੇ ਟ੍ਰਬੈੱਲ ਤੋਂ ਦੂਰ ਦਿੱਤੀ ਸੀ। ਅੰਦਰਲੇ ਘਰ ਤੇ ਸਮਾਨ ਵੱਲੋਂ ਕੋਰਾ ਜਵਾਬ। ਹੁਣ ਚਾਰ ਕਿੱਲੇ ਤਾਂ ਪ੍ਰੋਨੋਟਾਂ ਤੇ ਗਹਿਣੇ ਐ। ਬੈਂਕ ਵਾਲਿਆਂ ਦਾ ਰੇਹ ਦਾ ਕਰਜ਼ਾ ਦੋ ਸਾਲ ਤੋਂ ਨਹੀਂ ਮੁੜਿਆ। ਹੁਣ ਸੱਟੀ ਰੇਹ ਬਿਨਾਂ ਪੀਲੀ ਪਈ ਹੈ।" ਹੱਥ ਢਿੱਲਾ ਪੈ ਜਾਣ ਕਾਰਨ ਉਸ ਤੋਂ ਭੋਣੀ ਵਾਲਾ ਰੱਸਾ ਭੁੰਜੇ ਡਿੱਗ ਪਿਆ।

"ਗਹਿਣੇ ਐਨੀ ਛੇਤੀ ਕਿਵੇਂ ਪੈ ਗਈ ? ਸ਼ਰਾਬ ਪੀਤੀ ਹੋਣੀ ਏਂ ?" ਕੁੰਦਾ ਸਿੰਘ ਨੇ ਆਰਥਕ ਸ਼ਕੰਜਾ ਕੱਸੇ ਜਾਣ ਨੂੰ ਸਮਝਦਿਆਂ ਵੀ ਪੁੱਛ ਲਿਆ। "ਮੈਨੂੰ ਤਾ ਦਿਲ ਦਾ ਖਰਾ ਲੱਗਾ ਏਂ, ਉਂ ਬਾਹਰੋਂ ਕੁਲੱਕੜ ਜਰੂਰ ਏਂ" ਉਹ ਧੌਲੀਆਂ ਮੁੱਛਾਂ ਵਿਚੋਂ ਜ਼ਬਰਦਸਤੀ ਮੁਸਕਰਾ ਪਿਆ। ਉਹ ਚੜ੍ਹਦੀ ਉਮਰ ਵਿਚ ਹੀ ਥੱਕੇ ਹਾਰੇ ਜੱਟ ਨੂੰ

ਹੁਲਾਰਿਆ ਚਾਹੁੰਦਾ ਸੀ।

"ਬਾਬਾ ਕੋਈ ਹੱਥ ਕਰਨ ਨੂੰ ਤਾਂ ਨਹੀਂ ਫਿਰਦਾ, ਲੈ ਮੰਜੀ ਉੱਤੇ ਬਹਿ ਜਾ।" ਕਦੇ ਉਸ ਦੀ ਕਿਸੇ ਪ੍ਰਸੰਸਾ ਨਹੀਂ ਕੀਤੀ ਸੀ। ਉਂਜ ਉਹ ਪਾਰਟੀ ਵਾਲਿਆਂ ਨੂੰ ਕਾਂਗਰਸ ਵਾਂਗ ਕਾਲੇ, ਬੱਗੇ ਤੇ ਲਾਲ ਕਾਂ ਹੀ ਸਮਝਦਾ ਸੀ। ਜਿਸ ਵੀ ਉਸ ਨਾਲ ਹੱਥ ਮਿਲਾਇਆ ਸੀ; ਕੁਝ ਨਾ ਕੁਝ ਖੋਹ ਖਿੰਝ ਹੀ ਗਿਆ ਸੀ; ਵਿਸ਼ਵਾਸ, ਯਾਰੀ ਤੇ ਭਰੋਸਾ ਉਸ ਲਈ ਅਸਲੋਂ ਓਪਰੇ ਹੋ ਗਏ ਸਨ। "ਲੈ ਸੁਣ ਲੈ, ਨਵੀਂ ਵਾਹੀ ਕਰਨ ਵਾਸਤੇ ਦੋ ਬਲਦ ਲਏ, ਇਕ ਕਿਲਾ ਉਦੋਂ ਵਿਕ ਗਿਆ। ਜ਼ਨਾਨੀ ਬੀਮਾਰ ਹੋਈ ਤਾਂ ਦੂਜਾ ਕਿੱਲਾ ਡਾਕਟਰ ਖਾ ਗਏ। ਕੁਝ ਬੈਂਕ ਤੇ ਅਦਾਲਤਵਾਲੇ ਦੋਹੀ ਹੱਥੀਂ ਖਿੱਚ ਗਏ।ਸੀਰੀ ਦੋ ਹਜ਼ਾਰ ਵਿਆਜੂ ਚੁੱਕ ਕੇ ਰਲਾਇਆ। ਨਾਲ ਅਮਾਨ ਦੇ ਪਹਿਲੇ ਵਿਆਹ ਵੇਲੇ ਠੇਕੇ ਦੀ ਪੀਤੀ ਸੀ। ਜਿੱਦਣ ਧੰਨੋਂ ਲਿਆਂਦੀ ਸੀ, ਰੂੜੀ ਮਾਰਕਾ ਦੀਆਂ ਦੋ ਬੋਤਲਾਂ ਅੱਠੀਂ ਰੁਪਈਂ ਲਈਆਂ ਸਨ। ਦੋ ਵੇਲੇ ਦੀ ਗੁੜ ਦੀ ਚਾਹ ਬਿਨਾਂ ਕੋਈ ਵੱਲ ਨਹੀਂ ਕੀਤਾ। ਪਹਿਲੇ ਵਿਆਹ ਵੇਲੇ ਬਾਪੂ ਨੇ ਤਿੱਲੇ ਵਾਲੀ ਜੁੱਤੀ ਸੁਆ ਦਿੱਤੀ ਸੀ। ਮੁੜ ਛਿਤਰੇ ਪੈਰੋਂ ਨਹੀਂ ਲੱਥੇ। ਸਾਰੀ ਉਮਰ ਮੋਟਾ ਖੱਦਰ ਪਾਇਆ ਏ; ਮਲਮਲ ਪਿੰਡੇ ਲਾ ਨਹੀਂ ਦੇਖੀ। ਵੋਟਾਂ ਲੈਣ ਵਾਲੇ ਆਂਹਦੇ ਸੀ, ਬੁੜ੍ਹਿਆਂ ਨੂੰ ਜ਼ਮੀਨ ਦੇਵਾਂਗੇ। ਬਸ ਗ਼ਰੀਬੀ ਹਟਾਉਣ ਦੇ ਵਰ੍ਹਿਆਂ ਵਿਚ ਹੀ ਚਾਰੇ ਕਿੱਲੇ ਖੁਰਦ-ਬੁਰਦ ਹੋ ਗਏ। ਫੇਰ ਰੱਬ ਦੀ ਮਾਰ ਦੇਖ, ਦੋ ਕਿੱਲੇ ਮੇਰੇ ਸੀਰੀ ਕੋਲ ਗਹਿਣੇ ਪੈ ਗਏ। ਬੁੜ੍ਹਿਆ ਗੁੱਸਾ ਨਾ ਕਰੀਂ, ਤੁਸੀਂ ਵੀ ਮਦਾਰੀ ਨਾਲੋਂ ਘੱਟ ਨਹੀਂ। ਉਹ ਡੌਰੂ ਵਜਾ ਕੇ ਦਾਣੇ ਇਕੱਠੇ ਕਰ ਲੈਂਦਾ ਏ ਤੇ ਤੁਸੀਂ ਲਾਲ ਝੰਡੇ ਨਾਲ-ਮੁੱਕੇ ਵੱਟ ਵੱਟ ਚਾਰ ਹੋਕਰੇ ਮਾਰ ਕੇ ਮਤਲਬ ਕੱਢ ਲੈਂਦੇ ਹੋ।" ਆਹਰਨ ਉੱਤੇ ਪਏ ਫਾਲੇ ਵਾਂਗ ਜੱਟ ਨੇ ਠੱਕ ਠੱਕ ਸੱਟਾਂ ਮਾਰੀਆਂ। ਜਿਵੇਂ ਲੁਟੇਰਿਆਂ ਦਾ ਆਗੂ ਬਾਬਾ ਮਸੀਂ ਮਿਲਿਆ ਸੀ।

ਕੁੰਦਾ ਸਿੰਘ ਨੇ ਲਾਲ ਝੰਡੇ ਵਾਲੀ ਚੋਟ ਕਸੀਸ ਵੱਟ ਕੇ ਅਣਗੌਲੀ ਕਰ ਦਿੱਤੀ। "ਸੀਰੀ ਕਿਵੇਂ ਗਹਿਣੇ ਲੈ ਗਿਆ ?" ਉਸ ਨੂੰ ਇਕ ਅਸਚਰਜ ਵੀ ਜਾਗ ਪਿਆ।

"ਲੈ ਸੁਣ ਲੈ, ਉਹਦਾ ਮੁੰਡਾ ਸਰਕਾਰੂ ਖ਼ਰਚ ਉੱਤੇ ਪੜ੍ਹ ਕੇ ਮਸਟੋਟ ਲੱਗ ਗਿਆ। ਵੱਢੀਆਂ ਮਾਰੀਆਂ। ਇਕ ਜੱਟ ਦਾ ਵਿਘੇ ਦਾ ਪਲਾਟ ਲੈ ਕੇ ਪੱਕਾ ਘਰ ਪਾ ਲਿਆ। ਵਿਚ ਬਿਜਲੀ ਦੇ ਪੱਖੇ ਘੂੰ ਘੂੰ। ਦਿਨੇ ਵੀ ਸੁੱਤੇ ਨਹੀਂ ਜਾਗਦੇ। ਉਨ੍ਹਾਂ ਦੇ ਮੁੰਡੇ ਬੂਟਾਂ ਪੈਂਟਾਂ ਨਾਲ ਨਾਸਾਂ ਫੁਲਾ ਫੁਲਾ ਨਿਕਲਦੇ ਐ।"

ਜੱਟ ਆਪਣੇ ਲਿੱਬੜੇ ਤੇ ਬਿਆਈਆਂ ਵਾਲੇ ਪੈਰਾਂ ਵੱਲ ਝਾਕਿਆ।

"ਤੁਸੀਂ ਜੁਆਕ ਪੜ੍ਹਾਉ ਨਾ, ਮਜਸਟਰੇਟ ਕਿਵੇਂ ਲੱਗ ਜਾਣ।"

ਓਏ ਚਾਚਾ ਪੜ੍ਹਾਈਏ ਕਿਹੜੇ ਵੇਲੇ। ਸਾਨੂੰ ਤਾਂ ਡੰਗਰ ਚਰਾ ਕੇ ਕਰਜ਼ਾ ਲਾਹੁਣ ਦੀ ਬਣੀ ਏ। ਇਕ ਲੰਮੀ ਖਿਝ ਜੱਟ ਦੇ ਮੂੰਹ 'ਤੇ ਤਣੀ ਹੋਈ ਸੀ।

"ਗ਼ਰੀਬ ਆਦਮੀ ਦਾ ਮੁੰਡਾ ਮਜਿਸਟ੍ਰੇਟ ਲੱਗ ਗਿਆ, ਇਹ ਤਾਂ ਅਗਾਹਵਧੂ ਗੱਲ ਹੈ।" ਕੁੰਦਾ ਸਿੰਘ ਨੇ ਆਜ਼ਾਦੀ ਪਿੱਛੋਂ ਇਕ ਸਮਾਜੀ ਤਬਦੀਲੀ ਅਨੁਭਵ ਕੀਤੀ। ਗੋਹੇ ਅਤੇ ਪੇਸ਼ਾਬ ਦੀ ਬੂ ਨਾਲ ਉਸ ਦਾ ਨੱਕ ਤੂਸਿਆ ਪਿਆ ਸੀ।

"ਅਸੀਂ ਰੱਬ ਦੇ ਕੀ ਮਾਂਹ ਮਾਰੇ ਸੀ, ਝੁੱਜੇ ਲਾਹ ਕੇ ਰੱਖ ਦਿੱਤੇ।" ਮੁੰਡਾ ਬਾਦੜ ਕੇ ਕਾਮਰੇਡ ਨੂੰ ਪੈ ਗਿਆ। ਤੁਸੀਂ ਪਾਲਟੀਆਂ ਵਾਲੇ ਸਭ ਛੋਟੇ ਵੱਡੇ ਠੱਗ ਓ", ਜੱਟ ਨੇ ਹਾਉਕੇ ਵਰਗਾ ਲੰਮਾ ਸਾਹ ਭਰਿਆ। ਪਰ ਕਾਮਰੇਡ ਬਾਬੇ ਦਾ ਮੱਲੋ ਮੱਲੀ ਹਾਸਾ ਨਿਕਲ ਗਿਆ। "ਵਪਾਰੀ ਜੱਟ ਦਾ ਵੈਰੀ। ਜਦੋਂ ਕਿਸਾਨ ਘਰ ਜਾਵੇ, ਮੰਡੀ ਦੇ ਭਾਅ ਥੱਲੇ। ਜਦੋਂ ਦਾਣੇ ਵੇਚ ਦਿੱਤੇ, ਉਹੀ ਹੱਥੀਂ ਪੈਦਾ ਕੀਤੀ ਕਣਕ ਦੂਣੀ ਉੱਤੇ ਲੈ ਕੇ ਖਾਣੀ ਪਈ। ਕੰਮ ਮੇਰੇ ਨਾਲੋਂ ਸੀਰੀ ਨੇ ਕਿਵੇਂ ਵੀ ਵੱਧ ਨਹੀਂ ਕੀਤਾ। ਉਹਦਾ ਮੁੰਡਾ ਮਸਟੋਟ ਤੇ ਮੇਰਾ ਚਾਰ ਕਿੱਲਿਆਂ ਵਾਲੇ ਦਾ ਖੋਲਾ ਵੀ ਵਿਕਣ ਤੇ ਆਇਆ ਏ। ਇਹ ਲੋਹੜਾ ਨਹੀਂ, ਧਾੜਾ ਨਹੀਂ ? ਰੱਬ ਸਾਲਾ ਲੰਡੇ ਦਾ ਮੇਰੇ ਨਾਲ 'ਸਾਬ ਤਾਂ ਕਰੇ, ਦੇਵਾਂ ਉਸ ਨੂੰ ਧਗੜੀਆਂ। ਬੈਂਕ ਨੂੰ ਦਾਣਾ ਲੈ ਜਾਣ ਵਾਲਿਓ, ਤੁਸੀਂ ਈ ਦੱਸੋ, ਮੇਰੀ ਕਮਾਈ ਕਿੱਥੇ ਗਈ ? ਧੀ ਨਹੀਂ ਵਿਆਹੀ, ਚਾਰ ਖਣ ਨਹੀਂ ਛੱਤੇ। ਤੇਰੀ ਪਾਰਟੀ ਵੀ ਸਰਕਾਰੂ ਹੋ ਗਈ। ਤੁਸੀਂ ਗ਼ਰੀਬੀ ਹਟਾਉਂਦੇ ਓ ਕਿ ਵਧਾਉਂਦੇ ਓ ? ਬਾਬਾ ! ਜਿਹੜੀ ਘਰ ਦੀ ਕੁੱਤੀ ਚੋਰਾਂ ਨਾਲ ਜਾ ਰਲੇ, ਉਸ ਘਰ ਦਾ ਵਸੇਬਾ ਤੂੰ ਆਪ ਸਮਝ ਲੈ।" ਜੱਟ ਨੂੰ ਦਿਲ ਦੇ ਦੁੱਖ ਕਹਿਣ ਦਾ ਮਸੀਂ ਮੌਕਾ ਹੱਥ ਲੱਗਾ ਸੀ। ਕੁੰਦਾ ਸਿੰਘ, ਜਿਸ ਆਰਥਿਕ ਸਿਧਾਂਤ ਦੇ ਲੈਕਚਰ ਲਏ ਸਨ, ਟੁੱਟੇ ਤੇ ਰੋਹ ਭਰੇ ਕਿਸਾਨ ਨੂੰ ਕੀ ਉੱਤਰ ਦੇਵੇ। ਉਸ ਨੀਵੀਂ ਸੁੱਟ ਲਈ। ਖੂੰਡੇ ਦੇ ਘੇਪ ਨਾਲ ਵਿਹੜੇ ਵਿਚ ਲੀਕਾਂ ਵਾਹੁਣ ਲੱਗ ਪਿਆ। "ਲੈ ਸੁਣ ਲੈ ਬੁੱਢਿਆ। ਆਹ ਸਾਲ ਵੇਖਣਾ ਏ, ਜੇ ਦਿਨ ਨਾ ਫਿਰੇ, ਮਿੱਤਰਾ, ਜ਼ਨਾਨੀ ਤੇ ਝੋਟਾ ਵੇਚ ਕੇ ਹਥਿਆਰ ਲੈ ਲੈਣਾ ਏਂ। ਫੇਰ ਰਬ ਸਾਲਾ ਵੀ ਆਪਣਾ ਕੁਝ ਨਹੀਂ ਲੱਗਦਾ।"

ਕੁੰਦਾ ਸਿੰਘ ਨੇ ਪੂਰੀਆਂ ਅੱਖਾਂ ਖੋਲ੍ਹ ਕੇ ਕਾਈ ਦੇ ਧੁਰ ਅੰਦਰ ਤਕ ਝਾਤ ਮਾਰੀ। ਤੰਗ ਆਮਦ, ਬਜੰਗ ਆਮਦ। ਲੰਮੇ ਸਾਹ ਨਾਲ ਹੁੰਗਾਰਦਿਆਂ ਕਾਮਰੇਡ ਨੇ ਖੂੰਡਾ ਹੱਥ ਫੜ ਲਿਆ। ਇਹਨੂੰ ਭਗੌੜਾ ਤੇ ਡਾਕੂ ਹੋਣ ਦੀ ਥਾਂ ਬਾਗ਼ੀ ਤੇ ਚੜ੍ਹਦੀ ਕਲਾ ਵਾਲਾ ਇਨਕਲਾਬੀ ਬਣਨਾ ਚਾਹੀਦਾ ਹੈ। ਪਰ ਇਨਕਲਾਬੀ ਇੰਤਜ਼ਾਮ ਕੌਣ ਕਰੇ ? ਉਸ ਦੀ ਸੋਚ ਦੇ ਪਰ ਮੁਰਝਾ ਕੇ ਰਹਿ ਗਏ।

"ਵੇਖ ਓ ਸੋਹਣਿਆਂ ਇਹ ਰਾਹ ਨਹੀਂ ਚੰਗਾ, ਤੇਰੇ ਨਿਆਣੇ ਰੁਲ ਜਾਣਗੇ।" ਉਸ ਖੂੰਡੇ ਦੀਆਂ ਲੀਕਾਂ ਨਾਲ ਕੱਢਿਆ ਖੱਡਾ ਧੌੜੀ ਦੀ ਜੁੱਤੀ ਨਾਲ ਮੇਸ ਦਿੱਤਾ।

"ਆਖਦਾ ਤਾਂ ਬਾਬਾ ਤੂੰ ਠੀਕ ਏਂ; ਪਰ ਹੋਰ ਰਾਹ ਵੀ ਕੋਈ ਨਹੀਂ ਦੀਂਹਦਾ। ਸਿਰ ਵਢਾ ਸਕਦਾ ਹਾਂ, ਪਰ ਮੰਗਤਾ ਨਹੀਂ ਬਣ ਸਕਦਾ। ਮਰਦੀ ਵਾਰ ਵੀ ਮੁੰਡਿਆਂ ਨੂੰ ਆਖਾਂਗਾ : ਸੂਰਮੇ ਬਣਿਓ, ਕਿਸੇ ਅੱਗੇ ਹੱਥ ਨਾ ਅੱਡਿਓ।" ਤੰਗੀਆਂ ਦੇ ਬਾਵਜੂਦ ਇਕ ਬੇਪਰਵਾਹੀ ਦਾ ਜਲਾਲ ਜੱਟ ਦੇ ਮੂੰਹ ਉੱਤੇ ਆ ਗਿਆ। ਉਹ ਪਾਟੇ ਲਿਉੜਾਂ ਵਾਲੀ ਕੱਚੀ ਕੰਧ ਨੂੰ ਵੇਖਣ ਲੱਗ ਪਿਆ; ਜਿਸ ਨੂੰ ਪਿਛਲੇ ਮੀਂਹਾਂ ਵਿਚ ਹੀ ਡਿੱਗ ਪੈਣਾ ਚਾਹੀਦਾ ਸੀ।

ਇਹ ਅਸਲ ਇਨਕਲਾਬੀ ਐ। ਕੁੰਦਾ ਸਿੰਘ ਦੀ ਜਾਮ ਹੋਈ ਸੋਚ ਨੇ ਇਕ ਛਾਲ ਮਾਰੀ। ਪਰ ਰਾਹ ਇਹ ਪੁੱਠੇ ਪੈ ਚਲਿਆ ਏ। ਸਾਡੀ ਪਾਰਟੀ ਕਿਹੜਾ ਸਿੱਧੇ ਰਾਹ ਜਾ ਰਹੀ ਹੈ ? ਜਿਹੜੀ ਕੌਮ ਅਥਵਾ ਜਮਾਤ ਵਿਚੋਂ ਗ਼ੈਰਤ ਮਰ ਜਾਵੇ; ਉਹ ਅੱਜ ਵੀ ਗ਼ੁਲਾਮ ਤੇ ਕੱਲ੍ਹ ਵੀ ਖ਼ਤਮ। ਅਣਖ ਵੀ ਇਨਕਲਾਬੀ ਜਜ਼ਬੇ ਦਾ ਧੁਰਾ ਹੈ।

"ਭਾਈ ਸਿੱਖਾ ! ਮੈਨੂੰ ਤੇਰੇ ਨਾਲ ਹਮਦਰਦੀ ਹੈ। ਮੇਰੀ ਸੁਣ, ਮੈਂ ਤੇਰਾ ਸਾਥੀ .... ?" ਉਸ ਦਾਤੀ ਅੱਗੇ ਡਾਹ ਕੇ ਬਾਹਾਂ ਦੀ ਗੱਲ ਰੋਕ ਦਿੱਤੀ।

"ਦੇਖ ਹਮਦਰਦੀ ਵਾਲੀ ਗੱਲ ਨਾ ਕਰ। ਜਿੱਦਣ ਦੇ ਤੁਸੀਂ ਜੰਮੇ ਓ ਓਦਣ ਦੇ ਸਾਨੂੰ ਸਾਥੀ ਬਣਾਉਂਦੇ ਓ। ਉਹ ਵੀ ਉਗਰਾਹੀ ਦੇ ਦਿਨਾਂ ਵਿਚ। ਤੁਸਾਂ ਸਾਡੇ ਲਈ ਹੁਣ ਤਾਈਂ ਕੀਤਾ ਕੀ ਐ ? ਵਾਹੀ ਨੇ ਤਾਂ ਕਿਸਾਨ ਝੁੱਜੇ ਲਾਹ ਦਿੱਤਾ। ਤੇ ਹਮਦਰਦੀ ਤਾਂ ਗ਼ਰੀਬੀ ਹਟਾਉਣ ਵਾਲੇ ਸਾਰੇ ਕਿਸਾਨਾਂ ਨਾਲ ਕਰਦੇ ਐ, ਧੱਸ ਸਟੇਜਾਂ ਉੱਤੇ ਈ।" ਉਸ ਨਜ਼ਰ ਭਰ ਕੇ ਆਪਾ ਦਰਸਾਇਆ। ਧੁੱਪਾਂ, ਮੀਂਹਾਂ ਤੇ ਪਾਲਿਆਂ ਵਿਚ ਉਹ ਬੇਯਾਰੋ ਮਦਦਗਾਰ ਇਕੱਲਾ ਖਲੋਤਾ ਸੀ।

"ਕਾਮਰੇਡਾ ! ਤੈਨੂੰ ਜਟਕੀ ਦੱਸਾਂ, ਏਸ ਧੌਲ ਨੇ ਡਿੱਗ ਪੈਣਾ ਏਂ। ਸਰਕਾਰ ਨੂੰ, ਪਾਰਟੀਆਂ ਨੂੰ, ਸਾਧਾਂ ਦੇ ਆਵਾਰਾ ਟੋਲਿਆਂ ਨੂੰ,

"ਜੈ ਜਵਾਨ, ਜੈ ਕਿਸਾਨ" ਦੇ ਨਾਅਰੇ ਮਾਰਨ ਵਾਲੇ ਮੁਫਤ-ਖੋਰਾਂ ਨੂੰ ਵੀ ਓਦਣ ਹੀ ਪਤਾ ਲੱਗੇਗਾ, ਰੋਟੀ ਕੀ ਭਾਅ ਪੈਂਦੀ ਐ।" ਕਿਸਾਨ. ਖੰਘ, ਹਾਉਕੇ ਤੇ ਹਾਸੇ ਦੇ ਮਿਲਗੋਭੇ ਵਿਚੋਂ ਥੋੜ੍ਹਾ ਭਰੜਾਇਆ।

"ਤੇ ਹਰਾ ਇਨਕਲਾਬ ਕਿੱਥੇ ਗਿਆ ?" ਕਾਮਰੇਡ ਸੁਭਾਵਕ ਹੀ ਕਹਿ ਗਿਆ। ਕਿਸਾਨ ਨੂੰ ਆਪ ਬੀਤੀ ਦੇ ਪੱਛ ਚੀਸਾਂ ਦੇ ਰਹੇ ਸਨ। ਬਾਬੇ ਨੂੰ ਆਸ ਹੀ ਨਹੀਂ ਸੀ ਬੁੜ੍ਹਲ ਜੱਟ ਫਾਅੜ ਫ਼ਾਅੜ ਉਸ ਦੇ ਮੂੰਹ ਉੱਤੇ ਮਾਰੇਗਾ।

"ਭਾਗ ਸਿੰਘਾ।" ਬੈਂਕ ਦੇ ਚਪੜਾਸੀ ਨੇ ਪਿੱਛੋਂ ਕਿਸਾਨ ਨੂੰ ਆਵਾਜ਼ ਆ ਮਾਰੀ। "ਆ ਨੋਟਿਸ ਲੈ ਤੇ ਕਾਪੀ ਉੱਤੇ ਅੰਗੂਠਾ ਲਾ।" ਚਪੜਾਸੀ ਨੇ ਸਿਆਹੀ ਵਾਲੀ ਡੱਬੀ ਵੀ ਖੋਲ੍ਹ ਲਈ।

"ਕਾਹਦਾ ਨੋਟਿਸ, ਕਾਹਦਾ ਗੂਠਾ ?" ਭਾਗ ਸਿੰਘ ਹੈਰਾਨੀ ਵਿਚ ਮੂੰਹ ਚੁੱਕ ਕੇ ਖਲੋ ਗਿਆ।

"ਤੂੰ ਬੈਂਕ ਦੀ ਰਕਮ ਹਾਲੇ ਤਕ ਨਹੀਂ ਮੋੜੀ। ਜੇ ਪੰਦਰਾਂ ਦਿਨ ਤਕ ਕੋਈ ਬੰਦੋਬਸਤ ਨਾ ਕੀਤਾ; ਫੇਰ ਵਾਰੰਟਾਂ ਲਈ ਤਿਆਰ ਰਹਿ।" ਕਰਜ਼ੇ ਹੇਠਾਂ ਦੱਬੇ ਭਾਗ ਸਿੰਘ ਉੱਤੇ ਬੈਂਕ ਦਾ ਚਪੜਾਸੀ ਵੀ ਸ਼ੀਂਹ ਬਣਨ ਲੱਗਾ। "ਲੈ, ਐਸ ਕਾਪੀ ਉੱਤੇ ਅੰਗੂਠਾ ਲਾ ਬਈ ਮੈਨੂੰ ਇਤਲਾਹ ਮਿਲ ਗਈ।"

"ਰੁਪਈਏ ਜਦੋਂ ਹੈ ਨਹੀਂ, ਬੈਂਕ ਵਾਲਿਆਂ ਨੂੰ ਹੱਡ ਦੇਵਾਂ ? ਰੋਹ ਦੇਣ ਵਾਰੀ ਨਾਸਾਂ ਚੁੱਕਦੇ ਐ। ਫਸਲ ਬਿਨਾਂ ਰਕਮ ਕਿੱਥੋਂ ਆਜੂਗੀ।" ਕਿਸਾਨ ਨੇ ਵਾ ਵਿਚ ਦਾਤੀ ਨਾਲ ਗੋਲ ਜੀਰੋ ਵਾਹ ਦਿੱਤੀ।

"ਆਹ ਚੁੱਕ ਨੋਟਿਸ, ਮੈਨੂੰ ਨਹੀਂ ਪਤਾ, ਤੂੰ ਅੰਗੂਠਾ ਲਾ ਏਥੇ।" ਚਪੜਾਸੀ ਨੇ ਨੋਟਿਸ ਉਸ ਦੇ ਹੱਥ ਫੜਾ ਦਿੱਤਾ। ਨੋਟਿਸ ਦੇ ਚਾਰ ਟੁਕੜੇ ਕਰ ਕੇ ਭਾਗ ਸਿੰਘ ਨੇ ਬੈਂਕ ਵਾਲੇ ਦੇ ਮੂੰਹ ਉੱਤੇ ਮਾਰੇ।

"ਤੈਨੂੰ ਦੇਵਾਂ ਸੌਖੇ ਤੇ ਲੁਆਵਾਂ ਗੂਠਾ ?" ਕਿਸਾਨ ਦੇ ਇਕ ਕਦਮ ਪੁੱਟਣ ਨਾਲ ਚਪੜਾਸੀ ਚਾਰ ਕਦਮਾਂ ਪਿਛਾਂਹ ਹਟ ਗਿਆ।

"ਨਹੀਂ ਪੁੱਤਰਾ, ਇਉਂ ਨਹੀਂ ਠੀਕ। ਇਤਲਾਹ ਦੇਣ ਵਾਲੇ ਦਾ ਕੀ ਕਸੂਰ ?" ਕਾਮਰੇਡ ਬਾਬਾ ਫਿਰ ਵਿਚਾਲੇ ਆ ਗਿਆ।

"ਪੈਸੇ ਬੈਂਕ ਦੇ ਦੇਣੇ ਐ, ਧੌਂਸ ਸਾਲਾ ਦੁਆਨੀ ਦਾ ਚਪੜਾਸੀ ਦਿੰਦਾ ਏ।" ਜੱਟ ਨੂੰ ਬੁਰੀ ਤੇ ਆਇਆ ਵੇਖ ਕੇ ਚਪੜਾਸੀ ਕੰਨ ਵਲ੍ਹੇਟ ਕੇ ਵਾੜਿਓਂ ਬਾਹਰ ਹੋ ਗਿਆ।

ਬਾਬੇ ਨੇ ਭਾਗ ਸਿੰਘ ਦਾ ਸੱਜਾ ਹੱਥ ਫੜ ਲਿਆ। "ਤੇਰਾ ਰੱਬ ਵਿਚ ਵਿਸ਼ਵਾਸ ਐ ?"

"ਉਹਦੀਆਂ ਵੀ ਬਥੇਰੀਆਂ ਦੇਗਾਂ ਦੇ ਕੇ ਵੇਖ ਲਈਆਂ। ਨਾ ਬਹੁੜਿਆ, ਨਾ ਧਾਰ ਦਿੱਤੀ; ਫੜਾਂ ਵਾਧੇ ਦੀਆਂ ਮਾਰ ਗਿਆ।" ਸਤੇ ਜੱਟ ਨੇ ਰੱਬ ਨੂੰ ਗਾਲ੍ਹ ਦੇਣੋਂ ਸੰਕੋਚ ਕਰ ਲਈ।

"ਮੇਰਾ ਮਤਲਬ ਐ, ਤੂੰ ਜੀ ਨਾ ਹਾਰ ਤੇ ਆਪਣੀ ਮਿਹਨਤ ਉੱਤੇ ਭਰੋਸਾ ਕਰ। ਮੈਂ ਫਿਰ ਆਵਾਂਗਾ। ਤੂੰ ਹਾਲੇ ਐਸੀ ਵੈਸੀ ਕੋਈ ਗੱਲ ਨਾ ਕਰੀਂ। ਲਾਲ ਝੰਡੇ ਤੇ ਪਾਰਟੀ ਦਾ ਕੋਈ ਦੋਸ਼ ਨਹੀਂ; ਲੀਡਰਾਂ ਦੀ ਹੀ ਬੇੜੀ ਬਹਿ ਗਈ। ਔਕੜਾਂ ਵਿਚ ਹੀ ਕਾਮੇ ਮਨੁੱਖ ਦਾ ਸਿਰੜ ਵੇਖਿਆ ਜਾਂਦਾ ਹੈ। ਇਕ ਵਾਰ ਡੋਲ ਗਿਆ, ਹਮੇਸ਼ਾਂ ਲਈ ਗਿਆ।" ਬਾਬੇ ਨੇ ਭਾਗ ਸਿੰਘ ਦਾ ਮੋਢਾ ਥਾਪੜਿਆ। "ਤਕੜਾ ਹੋ, ਤੇਰਾ ਮੁੰਡਾ ਵੀ ਲਫਟੈਣ ਬਣੇਗਾ।"

ਧੰਨੋ ਗਾਂ ਵੱਗ ਵਿਚ ਰਲਾ ਕੇ ਮੁੜ ਆਈ। ਜੱਟ ਉਸ ਨੂੰ ਫਿਰ ਕੁਦਾੜ ਕੇ ਪੈ ਗਿਆ।

"ਕਿਸੇ ਨਾਲ ਰਾਹ ਵਿਚ ਸਾਈ ਜ਼ਰੂਰ ਲਾਈ ਹੋਣੀ ਏ ?"

"ਦੇਖ ਬੇਲੀਆ! ਨਾਥਣ ਉੱਤੇ ਸ਼ੱਕ ਕਰਨੀ ਛੱਡ ਦੇ। ਇਹਨੂੰ ਆਪਣੇ ਵਿਸ਼ਵਾਸ ਵਿਚ ਲੈ। ਇਹਦਾ ਦਿਲ ਕਦੇ ਨਾ ਤੋੜੀਂ। ਫੇਰ ਦੇਖੀਂ, ਤੇਰੇ ਕੰਮਾਂ ਨੂੰ ਕਿਵੇਂ ਸਮੇਟਦੀ ਹੈ।" ਬਾਬੇ ਨੇ ਜਾਂਦੀ ਵਾਰ ਦੀ ਨਸੀਹਤ ਦਿੱਤੀ।

"ਮੈਨੂੰ ਨਹੀਂ ਪਤਾ, ਕਿਵੇਂ ਨਹਿਬ ਕੇ ਰੱਖਣੀ ਪੈਂਦੀ ਐ।" ਭਾਗ ਸਿੰਘ ਥੋੜ੍ਹਾ ਢਿੱਲਾ ਪੈ ਗਿਆ।

"ਤੇਰੀ ਸੋਚ ਅਸਲੋਂ ਪੁਰਾਣੀ ਤੇ ਗਲਤ ਐ। ਪਿਆਰ ਤੇ ਭਰੋਸਾ ਵੱਡੀਆਂ ਮਨੁੱਖੀ ਤਾਕਤਾਂ ਏ। ਮੇਰਾ ਗੁਰ ਮੰਤਰ ਤੂੰ ਵਰਤ ਕੇ ਤਾਂ ਵੇਖ। ਹੋਰ ਸੁਣ : ਮੈਂ ਤੈਨੂੰ ਜ਼ਰੂਰ ਮਿਲਾਂਗਾ। ਅਗਲਾ ਕਦਮ ਅਸੀਂ ਸਾਂਝਾ ਪੁੱਟਾਂਗੇ।" ਇਹ ਝੰਡਾ ਚੁੱਕ ਕੇ ਤੁਰ ਪਿਆ। ਜੱਟ ਦੀ ਘਰ ਵਾਲੀ ਧੰਨੋਂ ਨੇ, ਅੱਗੇ ਵਧ ਕੇ ਜਾਂਦੇ ਬਾਬੇ ਦੇ ਪੈਰੀਂ ਹੱਥ ਲਾਇਆ। ਉਹਦੇ ਭਾਣੇ ਪਹਿਲੀ ਵਾਰ ਕੋਈ ਔਲੀਆ ਆਇਆ ਸੀ।

ਕੁੰਢਾ ਸਿੰਘ ਨੇ ਜਲਸੇ ਵਿਚ ਜਾਂਦਿਆਂ ਹੀ ਪਾਰਟੀ ਲੀਡਰ ਨੂੰ ਆਪਣੀ ਵਲੋਂ ਇਕ ਚਿਟ ਫੜਾ ਦਿੱਤੀ : ਮੈਂ ਇਸ ਨਵੀਂ ਵਿਨੋਬਾ ਭਾਵੇ ਪਾਰਟੀ ਨੂੰ ਤਿਆਗਿਆ ਦੇ ਕੇ ਇਨਕਲਾਬ ਚਾਹੁੰਦੇ ਲੋਕਾਂ ਕੋਲ ਚਲਿਆ ਹਾਂ। ਮੈਨੂੰ ਆਪਣੇ ਪਿਛਲੇ ਤੀਹ ਸਾਲਾਂ ਦੇ ਘੋਲ ਉੱਤੇ ਹਮੇਸ਼ਾਂ ਫ਼ਖ਼ਰ ਰਹੇਗਾ।

ਆਪਣੇ ਕਾਮੇ ਲੋਕਾਂ ਦਾ ਸੇਵਾਦਾਰ
ਕਾਮਰੇਡ ਕੁੰਢਾ ਸਿੰਘ

ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :
'ਵਤਨੋਂ ਦੂਰ'
P.O. BOX 67681 STN "O"
VANCOUVER, B.C. V5W 3V2


**If you are looking for**
*** Quality**
*** Price**



*** After Sale Service when buying your car contact**

ਹਰ ਪਰਕਾਰ ਦੀ ਕਾਰ ਖਰੀਦਨ ਜਾਂ ਟਰੇਡ ਕਰਨੀ ਹੋਵੇ ਤਾਂ ਕੁਲਦੀਪ ਝੰਡ ਨੂੰ ਕਾਰ ਖਰੀਦਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫੂਨ ਕਰੋ।



Kuldip Singh Jhand
Res. 524-4137

OFFICE **521-7731**

# WESTMINSTER CHEVROLET-OLDSMOLILE
## 12 Street & Queens Ave.
## New Westminster

# THE 1st TIME IN VANCOUVER

## SPECIAL "TANDOORIE TITAR"

## FOR TWO

**"RESERVE NOW"**

**SERVED WITH NAN, CHUTNEY & SALAD**

**THE BEST FOOD IN INDIA**

## Gastown Curry Inn

683-1032 128 East Cordova St., Vancouver 685-1627

---

Sovereign Insurance provides a wide range of insurance services

PLEASE CALL ANYTIME

- FIRE INSURANCE
- HOMEOWNER'S
- TENANT'S
- MORTGAGE PROTECTION
- LIFE INSURANCE
- TERM INSURANCE
- BUSINESS INSURANCE
- RETIREMENT SAVINGS (RRSP)
- 1ST DAY ACCIDENT& SICKNESS POLICY
- AND THROUGH AN ASSOCIATE COMPANY A UNIQUE PROPERTY FUND PLAN

Protecting Canadians and their families for over 75 years



PRITPAL NARWAL
B.A., LL.B.
736-5451 Office
874-3276 Res.

SOVEREIGN GENERAL INSURANCE COMPANY
LIFE ASSURANCE COMPANY
MEMBERS OF THE CASCADE GROUP

# ਇੱਕ ਦਰਮਿਆਨੇ ਭਾਰਤੀ ਸ਼ਹਿਰੀ ਦੀ ਜ਼ਿੰਦਗੀ ਉੱਤੇ ਬਹੁ-ਕੌਮੀ ਕਾਰਪੋਰੇਸ਼ਨਾਂ ਦਾ ਤੰਦੂਆ-ਜਾਲ

—ਨਰਪਾਲ ਸਿੰਘ

ਬਦੇਸੀ ਮੁਨਾਫ਼ੇਖੋਰ ਕੰਪਨੀਆਂ ਭਾਰਤ ਅੰਦਰ ਜਿਸ ਬੇਕਿਰਕ ਧੁੱਸ ਅਤੇ ਤੇਜ਼ੀ ਨਾਲ ਆਪਣਾ ਕਾਰੋਬਾਰ ਵਧਾਈ ਤੁਰੀਆਂ ਜਾ ਰਹੀਆਂ ਹਨ, ਇਸਨੇ ਹਰੇਕ ਕੌਮ-ਪੱਖੀ ਸੋਚਣੀ ਵਾਲੇ ਭਾਰਤੀ ਅੰਦਰ ਤਾਂ ਰੋਸ ਅਤੇ ਬੇਚੈਨੀ ਦਾ ਅਹਿਸਾਸ ਪੈਦਾ ਕੀਤਾ ਹੀ ਹੈ, ਹੁਕਮਰਾਨ ਪਾਰਟੀ ਅੰਦਰਲਾ 'ਨੇਕ ਸੋਚਣੀ' ਵਾਲਾ ਇੱਕ ਹਿੱਸਾ ਵੀ ਚਿੰਤਾਤੁਰ ਹੋਇਆ ਜਾਪਦਾ ਹੈ : ਬਦੇਸ਼ੀ ਸਰਮਾਇਆ ਭਾਰਤ ਦੇ ਤੇਜ਼-ਰਫ਼ਤਾਰ ਆਰਥਕ ਵਿਕਾਸ ਲਈ ਜ਼ਰੂਰੀ ਤਾਂ ਹੈ, ਪਰ ਇਸਦਾ ਇਉਂ ਖੜਮਸਤ ਤੇ ਬੇਕਾਬੂ ਹੋਇਆ ਪਸਾਰਾ ਤਾਂ ਸਾਡੀ ਕੌਮੀ ਸੱਨਅਤ ਨੂੰ ਉਂਜ ਈ ਪੈਰਾਂ ਹੇਠ ਮਧੋਲ ਕੇ ਰੱਖ ਦੇਵੇਗਾ !' ਹੁਕਮਰਾਨ ਪਾਰਟੀ ਦਾ 'ਨੇਕ ਦਿਲ' ਹਿੱਸਾ ਫਿਕਰ 'ਚ ਸਿਰ ਸੁੱਟ ਕੇ ਬੈਠ ਜਾਂਦਾ ਹੈ ਅਤੇ ਬਦੇਸੀ ਸਾਮਰਾਜੀ ਸਰਮਾਏ ਦੇ ਭੂਤ ਨੂੰ ਕਾਬੂ ਕਰਨ ਦੀਆਂ ਵਿਉਂਤਾਂ ਲੜਾਉਂਦਾ ਹੈ। ਕੀ ਭਾਰਤ ਸਰਕਾਰ ਕੋਲੋਂ ਬਦੇਸੀ ਮੁਨਾਫ਼ੇਖੋਰਾਂ ਨੂੰ 'ਹੱਦਾਂ 'ਚ ਰਹਿਣ ਲਈ ਸਖ਼ਤ ਤਾੜਨਾ ਕਰਵਾ ਦਿੱਤੀ ਜਾਵੇ ? ਨਹੀਂ, ਘਰ ਆਏ ਮਹਿਮਾਨ ਨੂੰ ਇਹ ਕੌੜਾ-ਮਿੱਠਾ ਬੋਲਣਾ ਤਾਂ ਉਂਜ ਈ ਭਾਰਤੀ ਸਭਿਅਤਾ ਦੇ ਉਲਟ ਹੈ!—ਹਾਂ ! ਉਸਨੂੰ ਇੱਕ ਬੜੀ ਕਮਾਲ ਦੀ ਤਰਕੀਬ ਸੁਝਦੀ ਹੈ : ਭਾਰਤੀ ਲੋਕਾਂ ਅੰਦਰ ਭਾਰਤੀ ਮਾਲ ਖਰੀਦਣ ਅਤੇ ਭਾਰਤੀ ਵਿਚਾਰ ਗ੍ਰਹਿਣ ਕਰਨ ਲਈ ਜ਼ੋਰਦਾਰ ਪਰਚਾਰ ਲਹਿਰ ਚਲਾਈ ਜਾਵੇ, ਤਾਂ ਜੋ ਉਹ ਹੌਲੀ ਹੌਲੀ ਬਦੇਸੀ ਕੰਪਨੀਆਂ ਦੁਆਰਾ ਬਣਾਏ ਮਾਲ ਦੀ ਉਂਜ ਹੀ ਵਰਤੋਂ ਘਟਾਉਣੀ ਸ਼ੁਰੂ ਕਰ ਦੇਣ। ਆਪਣੇ ਮਨ ਹੀ ਮਨ ਅੰਦਰ, ਉਹ, ਆਪਣੀ ਇਸ ਤਰਕੀਬ ਦੀ ਸੌ ਫ਼ੀ ਸਦੀ ਸਫਲਤਾ ਦੀ ਕਲਪਨਾ ਨਾਲ ਖੁਸ਼ੀ 'ਚ ਖੀਵਾ ਹੋ ਰਿਹਾ ਹੈ ਅਤੇ ਸਰਕਾਰ ਨੂੰ ਕਹਿਕੇ, ਦੇਸ ਦੇ ਕੋਨੇ ਕੋਨੇ ਵਿਚ ਵੱਡੇ ਇਸ਼ਤਿਹਾਰ ਤੇ ਬੋਰਡ ਲਗਾ ਦਿੱਤੇ ਜਾਂਦੇ ਹਨ :

BE INDIAN BUY INDIAN

**[ਭਾਰਤੀ ਬਣੋ— ਭਾਰਤੀ ਮਾਲ ਖਰੀਦੋ !]**

ਦੇਸ ਦੀ ਰਾਜਧਾਨੀ ਵਿਖੇ ਇਸੇ ਹੀ ਵਿਸ਼ੇ ਉਤੇ ਇੱਕ ਬਹੁਤ ਵੱਡੀ ਵਿਚਾਰ-ਗੋਸ਼ਟੀ ਬੁਲਾਉਣ ਦੀ ਵਿਉਂਤ ਬਣਾਈ ਜਾਂਦੀ ਹੈ, ਜਿਸ ਵਿਚ ਦੇਸ ਦੇ ਪਰਸਿੱਧ ਆਰਥਕ ਵਿਗਿਆਨੀਆਂ ਤੇ ਵਿਦਵਾਨਾਂ ਨੂੰ ਬੋਲਣ ਦਾ ਸੱਦਾ ਦਿੱਤਾ ਜਾਂਦਾ ਹੈ। ਪਰੋਫ਼ੈਸਰ ਠਾਕਰ ਦੱਤ ਭਾਰਤੀ, ਜਿਨ੍ਹਾਂ ਦੀ ਭਾਰਤੀ ਸੰਸਕ੍ਰਿਤੀ ਸੰਬੰਧੀ ਵਿਦਵਤਾ ਦੀ ਧਾਕ ਦੂਰ ਦੂਰ ਤੱਕ ਫੈਲੀ ਹੋਈ ਹੈ, ਗੋਸ਼ਟੀ 'ਤੇ ਬੋਲਣ ਵਾਲੇ ਮੁੱਖ ਬੁਲਾਰੇ ਹੋਣਗੇ। ਆਓ **'ਭਾਰਤੀ ਬਣੋ ਭਾਰਤੀ ਮਾਲ ਖਰੀਦੋ'** ਦੇ ਵਿਸ਼ੇ 'ਤੇ ਉਨ੍ਹਾਂ ਦਾ ਉਪਦੇਸ਼ ਸੁਣਨ ਤੋਂ ਪਹਿਲਾਂ ਪਰੋ: ਠਾਕਰ ਦੱਤ ਭਾਰਤੀ ਦੇ ਘਰ ਹੋ ਆਈਏ :

**ਦਿਨ ਚੜ੍ਹਦੇ ਹੀ ਪਰੋਫ਼ੈਸਰ ਭਾਰਤੀ ਬਦੇਸੀ ਕੰਪਨੀਆਂ ਦੇ ਘੇਰੇ 'ਚ—**

ਰਾਤੀਂ ਦੇਰ ਤੱਕ ਆਪਣੇ ਭਾਸ਼ਣ ਦੀ ਤਿਆਰੀ 'ਚ ਰੁਝੇ ਰਹਿਣ ਸਦਕਾ ਪ੍ਰੋ: ਭਾਰਤੀ ਅੱਜ ਕੁਝ ਪਛੜਕੇ ਜਾਗੇ ਹਨ। ਪਲੰਘ ਉਪਰ ਵਿਛਾਏ **ਡਨਲੋ ਪਿੱਲੋ** (ਬਦੇਸੀ ਕੰਪਨੀ **ਡਨਲਪ** ਦੇ ਬਣਾਏ) ਗੱਦੇਦਾਰ ਬਿਸਤਰੇ ਤੋਂ ਉਠਦਿਆਂ ਹੀ ਪ੍ਰੋ: ਭਾਰਤੀ ਬਿਜਲੀ ਦਾ ਬਟਨ ਦਬਾਉਂਦੇ ਹਨ ਅਤੇ ਕਮਰੇ ਵਿਚ **ਫ਼ਿਲਿਪਸ** ਦੀ ਟਿਊਬ ਦਾ ਦੁਧੀਆ ਚਾਨਣ ਫੈਲ ਜਾਂਦਾ ਹੈ (ਇਹ ਫ਼ਿਲਿਪਸ ਟਿਊਬ ਸੰਸਾਰ-ਪਰਸਿੱਧ ਬਰਤਾਨਵੀ ਕੰ: **ਫ਼ਿਲਿਪਸ ਇੰਡੀਆ ਲਿ:** ਦੀ ਪੈਦਾਵਾਰ ਹੈ)। ਚਾਨਣ ਜਗਦਿਆਂ ਹੀ ਪ੍ਰੋ: ਭਾਰਤੀ ਸਾਹਮਣੇ ਕਾਰਨਸ ਉਪਰ ਪਏ **ਫੇਵਰ ਲਿਊਬਾ** (ਬਦੇਸੀ ਕੰ:) ਦੇ ਟਾਈਮ-ਪੀਸ—ਵੱਲ ਵੇਖਦੇ ਹਨ। ਸਵੇਰ ਦੇ ਸਾਢੇ ਸੱਤ ਵੱਜ ਚੁੱਕੇ ਹਨ ਅਤੇ ਠੀਕ ਸਾਢੇ ਅੱਠ ਵਜੇ ਉਨ੍ਹਾਂ ਨੂੰ ਘਰੋਂ ਤੁਰ ਪੈਣਾ ਚਾਹੀਦਾ ਹੈ। ਥੋੜ੍ਹੇ ਚਿਰ ਬਅਦ ਹੀ ਨੌਕਰ **ਲਿਪਟਨ ਗਰੀਨ** ਜਾਂ **ਬਰੁੱਕ ਬੌਂਡ** (ਬਦੇਸੀ ਕੰਪਨੀਆਂ) ਦੀ ਬੈੱਡ ਟੀ ਲੈ ਕੇ ਹਾਜ਼ਰ ਹੋ ਜਾਂਦਾ ਹੈ। ਚਾਹ ਪੀਣ ਤੋਂ ਬਾਅਦ ਪ੍ਰੋ: ਸਾਹਬ ਸਰਹਾਣੇ ਪਏ ਮੇਜ਼ ਉਤੋਂ **ਆਈ. ਟੀ. ਸੀ.** ਦੀ **ਵਿਲਜ਼ ਨੇਵੀ ਕੱਟ** ਜਾਂ **ਵਜ਼ੀਰ ਸੁਲਤਾਨ** ਦੀ **ਚਾਰਮਿਨਾਰ** ਜਾਂ **ਗੌਡਫਰੇਅ ਇੰਡੀਆ ਲਿ:** ਦੀ **ਫੋਰ ਸੁਕੇਅਰ** (ਸਭ ਬਦੇਸੀ ਕੰਪਨੀਆਂ) ਦੀ ਸਿਗਰਟ ਦਾ ਪੈਕਟ ਚੁੱਕਦੇ ਹਨ ਅਤੇ ਇੱਕ ਸਵੀਡਸ਼ ਕੰਪਨੀ **ਵਿਮਕੋ** ਦੁਆਰਾ ਤਿਆਰ ਕੀਤੀ ਦੀਆਸਲਾਈ ਨਾਲ ਸਿਗਰਟ ਸੁਲਗਾਉਂਦੇ ਹਨ। ਸਿਗਰਟ ਦੇ ਇੱਕ-ਦੋ ਕਸ਼ ਖਿਚਣ ਤੋਂ ਬਾਅਦ ਪ੍ਰੋ: ਭਾਰਤੀ ਆਪਣੇ ਨਵੇਂ ਖਰੀਦੇ **ਮਰਫੀ** (ਬਦੇਸੀ ਕੰ:) ਟਰਾਂਜਿਸਟਰ ਦਾ ਬਟਨ ਦਬਾਉਂਦੇ ਹਨ ਅਤੇ ਕਾਹਲੀ ਨਾਲ ਇੱਧਰ-ਉੱਧਰ ਸੂਈ ਘੁਮਾਉਂਦੇ ਬੀ. ਬੀ. ਸੀ. ਦਾ ਸਟੇਸ਼ਨ ਲੱਭਦੇ ਹਨ। ਸਿਗਰਟ ਮੁਕਾ ਲੈਣ ਤੋਂ ਬਾਅਦ ਪ੍ਰੋ: ਭਾਰਤੀ ਪਲੰਘ 'ਤੋਂ ਉੱਠਕੇ ਆਪਣੀਆਂ **ਬਾਟਾ** (ਬਦੇਸੀ ਕੰ:) ਦੀਆਂ ਚੱਪਲਾਂ ਪੈਰਾਂ 'ਚ ਪਾਉਂਦੇ ਹਨ ਅਤੇ **ਬਿੱਨੀ** (ਬਦੇਸੀ ਕੰ:) ਦਾ ਤੌਲੀਆ ਚੁੱਕਕੇ ਗੁਸਲਖਾਨੇ ਵਲ ਚਲਦੇ ਹਨ। ਪ੍ਰੋ: ਭਾਰਤੀ ਦੇ ਗੁਸਲਖਾਨੇ ਅੰਦਰ ਇੱਕ ਬਰਤਾਨਵੀ ਕੰਪਨੀ **ਸੋਮਾਨੀ ਪਿਲਕਿੰਗਟਨ ਲਿ:** ਦੀਆਂ ਸੰਗਮਰਮਰੀ

ਟਾਈਲਾਂ ਅਤੇ **ਹਿੰਦੁਸਤਾਨ ਸੈਨੇਟਰਾਵੇਅਰ** (ਬਦੇਸੀ ਕੰ:) ਦਾ ਸਾਜ਼ਸਮਾਨ (ਟੂਟੀਆਂ, ਫੁਹਾਰਾ, ਸ਼ੈਂਕ ਆਦਿ) ਲੱਗਾ ਹੋਇਆ ਹੈ। ਪਖ਼ਾਨੇ ਤੋਂ ਬਾਅਦ ਪ੍ਰੋ: ਭਾਰਤੀ **ਹਿੰਦੁਸਤਾਨ ਲੀਵਰ** (ਬਰਤਾਨਵੀ ਕੰ: ਦੁਆਰਾ ਤਿਆਰ ਕੀਤੀ ਹੋਈ **ਲਾਈਫ਼ ਬੁਆਏ** ਸਾਬਨ ਨਾਲ ਹੱਥ ਸਾਫ਼ ਕਰਦੇ ਹਨ। ਉਸਤੋਂ ਬਾਅਦ, ਉਹ, **ਸੀਬਾ** ਦੇ ਬਿਨਾਕਾ ਜਾਂ **ਜਿਓਫਰੇਮੈਨਰਚ** ਦੇ **ਫਾਰਹੈਨਸ** ਜਾਂ **ਹਿੰਦੁਸਤਾਨ ਲੀਵਰ** ਦੇ **ਸਿਗਨਲ** ਜਾਂ **ਬੀਕਸ** ਦੇ **ਮੈਕਲੀਨ** (ਸਾਰੀਆਂ ਬਦੇਸੀ ਕੰ:) ਟੂੱਥ ਪੇਸਟ ਨਾਲ ਦੰਦ ਸਾਫ਼ ਕਰਦੇ ਹਨ। ਸਾਲਾਂ ਬੱਧੀ ਬਿਨਾਕਾ ਟੂੱਥ ਬਰੁਸ਼ ਵਰਤਣ ਤੋਂ ਬਾਅਦ, ਪ੍ਰੋ: ਭਾਰਤੀ ਨੇ ਅੱਜ ਕੱਲ **ਸੇਅਮੋਰ** (ਅਮਰੀਕਨ ਕੰ:) ਦਾ **ਡਾ ਵੈਸਟ'ਜ਼** "51" ਦਾ **ਬੁਰਸ਼** ਵਰਤਣਾ ਸ਼ੁਰੂ ਕੀਤਾ ਹੋਇਆ ਹੈ। ਫਿਰ ਪ੍ਰੋ: ਸਾਹਬ **ਹਿੰਦੁਸਤਾਨ ਲੀਵਰ** (ਕਰਤਾਨਵੀ ਕੰ:) ਦੀ **ਇਰਾਸਮਕ** ਸੇਫਟੀ 'ਚ ਇਰਾਸਮਕ ਦਾ ਨਵਾਂ ਬਲੇਡ ਚਾੜ੍ਹਦੇ ਹਨ ਅਤੇ **ਪਾਮੋਲਿਵ** (ਬਦੇਸੀ ਕੰ:) ਦਾ ਕਰੀਮ ਲੋਸ਼ਨ ਲਾਕੇ ਸ਼ੇਵ ਕਰਨੀ ਸ਼ੁਰੂ ਕਰ ਦਿੰਦੇ ਹਨ। ਸ਼ੇਵ ਤੋਂ ਬਾਅਦ ਉਹ **ਜੇ. ਕੇ. ਹੈਲੇਨ ਕਰਟਿਸ ਲਿ:** (ਬਦੇਸੀ ਕੰ:) ਦਾ **ਮੋਨਾਰਕ** ਆਫਟਰਸ਼ੇਵ ਲੋਸ਼ਨ ਮਲਦੇ ਹਨ। ਫਿਰ ਉਹ **ਹਿੰਦੁਸਤਾਨ ਲੀਵਰ** ਦੀ **ਲਕਸ ਸੁਪਰੀਮ** ਜਾਂ **ਪੀਅਰਜ਼ ਸੋਪ** ਨਾਲ ਇਸ਼ਨਾਨ ਕਰਦੇ ਹਨ। ਵਾਲਾਂ ਨੂੰ ਮੁਲਾਇਮ ਰੱਖਣ ਲਈ, ਉਹਨਾਂ, **ਚੇਸਬਰੋ** (ਬਦੇਸੀ ਕੰ:) ਦੇ **ਪੌਂਡ 'ਜ਼ ਸੈਂਪੂ** ਨਾਲ ਕੇਸੀ ਇਸ਼ਨਾਨ ਕਰੌਨਾ ਸ਼ੁਰੂ ਕੀਤਾ ਹੋਇਆ ਹੈ। ਇਸ਼ਨਾਨ ਮੁਕਾ ਲੈਣ ਤੋਂ ਬਾਅਦ ਪ੍ਰੋ: ਭਾਰਤੀ **ਬਿੰਨੀ** ਦੇ ਤੌਲੀਏ ਨਾਲ ਪਿੰਡਾ ਪੂੰਝਦੇ ਹਨ ਅਤੇ **ਮਾਈਕਲਜ਼** (ਬਦੇਸੀ ਕੰ:) ਦਾ ਅੰਡਰਵੀਅਰ ਪਾਉਣ ਤੋਂ ਬਾਅਦ **ਬਿੱਨੀ** ਦਾ ਗਾਊਨ ਪਾਕੇ ਨਾਸ਼ਤੇ ਦੀ ਮੇਜ਼ ਉਤੇ ਆ ਬਹਿੰਦੇ ਹਨ। ਮੇਜ਼ ਉਤੇ **ਬਰਤਾਨੀਆ ਬਿਸਕੁਟ ਕੰ:** (ਬਰਤਾਨਵੀ) ਦੀ ਬਰੈੱਡ ਅਤੇ **ਹਿੰਦੁਸਤਾਨ ਲੀਵਰ** ਦੇ **ਡਾਲਡਾ** ਘਿਉ ਨਾਲ ਤਿਆਰ ਕੀਤਾ ਆਂਡਿਆਂ ਦਾ ਆਮਲੇਟ ਪਰੋਸਿਆ ਹੋਇਆ ਹੈ (ਆਂਡੇ ਹਿੰਦੁਸਤਾਨੀ ਕੁਕੜੀਆਂ ਦੇ ਹੀ ਹਨ, ਪਰ, ਕੁਕੜੀਆਂ ਦੀ ਖ਼ੁਰਾਕ **ਹਿੰਦੁਸਤਾਨ ਲੀਵਰ** ਦੁਆਰਾ ਤਿਆਰ ਕੀਤੀ ਗਈ ਹੈ)। ਆਮਲੇਟ ਦੇ ਨਾਲ ਹੀ **ਹਰਬਰਟਸਨ ਲਿ:** ਦੀ ਸਾਸ (ਚਟਣੀ) ਦੀ ਬੋਤਲ ਪਈ ਹੈ। ਪੀਣ ਲਈ **ਨੈਸਲਜ਼** (ਬਦੇਸੀ ਕੰ:) ਦੀ **ਨੈਸਕੇਫੇ** ਕੌਫ਼ੀ ਤਿਆਰ ਕੀਤੀ ਗਈ ਹੈ। ਪ੍ਰੋ: ਭਾਰਤੀ ਦੇ ਨਾਲ ਉਨ੍ਹਾਂ ਦੀ ਸ੍ਰੀਮਤੀ ਅਤੇ ਬੱਚੇ ਵੀ ਨਾਸ਼ਤਾ ਕਰਦੇ ਹਨ। ਸ੍ਰੀਮਤੀ ਦੇ ਵਾਲ **ਜੇ. ਕੇ. ਹੈਲੇਨਕਰਟਿਸ ਲਿ:** (ਬਦੇਸੀ ਕੰ:) ਦੀ **ਟਰੂਟੋਨ ਹੇਅਰਡਾਈ** ਨਾਲ ਕਾਲੇ ਕੀਤੇ ਹੋਏ ਹਨ ਅਤੇ ਬੁੱਲ੍ਹਾਂ ਉਤੇ **ਮੈਕਸਫੈਕਟਰ** (ਬਦੇਸੀ ਕੰ:) ਦੀ ਸੁਰਖੀ (ਲਿਪਸਟਿਕ) ਲਾਈ ਹੋਈ ਹੈ। ਬੱਚਿਆਂ ਲਈ **ਕੇਡਬਰੀ ਫਰਾਈ** (ਬਦੇਸੀ ਕੰ:) ਦਾ **ਬੌਰਨ ਵੀਟਾ** ਤੇ **ਚਾਕਲੇਟ** ਅਤੇ **ਬਰਤਾਨੀਆ ਬਿਸਕੁਟ ਕੰ:** ਦੇ ਨਮਕੀਨ ਬਿਸਕੁਟ ਪਏ ਹਨ। ਸ੍ਰੀਮਤੀ, ਪ੍ਰੋ: ਭਾਰਤੀ ਕੋਲ ਅੱਜ ਲਗਾਤਾਰ ਤੀਜੇ ਦਿਨ ਫਿਰ ਗਿਲ੍ਹਾ ਕਰਦੀ ਹੈ ਕਿ ਬੱਚਿਆਂ ਲਈ **ਰਿਚਰਡਸਨ ਹਿੰਦੁਸਤਾਨ** (ਬਦੇਸੀ ਕੰ:) ਦਾ **ਵਾਟਰਬਰੀ ਕੰਪਾਊਂਡਜ਼ ਵਿਟਾਮਿਨ ਟਾਨਕ** ਅਜੇ ਤਾਈਂ ਵੀ ਨਹੀਂ ਖਰੀਦ ਕੇ ਲਿਆਂਦਾ ਗਿਆ। ਸ੍ਰੀਮਤੀ ਦੀ ਅੱਜ ਇੰਗਲਿਸ਼ ਮੂਵੀ (ਅੰਗਰੇਜ਼ੀ ਫ਼ਿਲਮ) ਦੇਖਣ ਦੀ ਬੜੀ ਰੀਝ ਸੀ, ਪਰ ਸੈਮੀਨਾਰ ਦੇ ਪ੍ਰੋਗਰਾਮ ਨੇ ਸਾਰੀ ਸਕੀਮ ਹੀ ਬਦਲਕੇ ਰੱਖ ਦਿੱਤੀ ਹੈ। ਖ਼ੈਰ, ਨਾਸ਼ਤਾ ਮੁਕਾਉਣ ਤੋਂ ਬਾਅਦ ਪ੍ਰੋ: ਸਾਹਬ ਸੈਮੀਨਾਰ 'ਤੇ ਜਾਣ ਲਈ ਤਿਆਰੀ ਕਰਨੀ ਸ਼ੁਰੂ ਕਰਦੇ ਹਨ। ਨੌਕਰ ਭਾਂਡੇ ਸਾਫ਼ ਕਰਨ ਲਈ **ਹਿੰਦੁਸਤਾਨ ਲੀਵਰ** ਦੇ **ਵਿੱਮ ਪਾਊਡਰ** ਦਾ ਡੱਬਾ ਚੁੱਕਦਾ ਹੈ, ਪਰ ਪ੍ਰੋ: ਸਾਹਿਬ ਦੀ ਆਵਾਜ਼ ਉਤੇ ਹਥਲਾ ਕੰਮ ਵਿਚੇ ਹੀ ਛਡਕੇ ਪ੍ਰੋ: ਸਾਹਬ ਨਾਲ ਤਿਆਰੀ ਕਰਾਉਣੀ ਸ਼ੁਰੂ ਕਰ ਦਿੰਦਾ ਹੈ। ਬਾਟਾ ਦੀਆਂ ਜੁਰਾਬਾਂ ਅਤੇ **ਰੇਕਟ ਐਂਡ ਕੋਲਮਿਨ** (ਬਦੇਸੀ ਕੰ:) **ਦੀ ਚੈਰੀ ਪਾਲਸ਼** ਨਾਲ ਚਮਕਾਏ **ਬਾਟਾ** ਦੇ ਬੂਟ ਲਿਆਉਣ ਤੋਂ ਬਾਅਦ, ਨੌਕਰ ਪ੍ਰੋ: ਭਾਰਤੀ ਲਈ **ਕੈਮੀਕਲ ਐਂਡ ਫਿਬਰ ਲਿ:** (ਬਦੇਸੀ ਕੰ:) ਦੇ ਪੋਲਿਸਟਰ ਦੇ ਕੱਪੜੇ ਲੈ ਕੇ ਆਉਂਦਾ ਹੈ, ਜਿਹੜੇ ਉਸਨੇ ਅਜ ਕੱਲ ਹੀ **ਹਿੰਦੁਸਤਾਨ ਲੀਵਰ** ਦੇ **ਰਿੰਨ** ਜਾਂ **ਸਰਫ਼** ਨਾਲ ਧੋਤੇ ਸਨ। ਕੱਪੜੇ ਪਾਉਣ ਤੋਂ ਪਹਿਲਾਂ ਪ੍ਰੋ: ਭਾਰਤੀ ਪਿੰਡੇ ਉਤੇ **ਗਲੈਕਸੋ** (ਬਦੇਸੀ ਕੰ:) ਦਾ ਪਾਊਡਰ ਧੂੜਦੇ ਹਨ ਅਤੇ ਸਿਰ ਦੇ ਵਾਲਾਂ ਨੂੰ ਚਮਕਾਉਣ ਲਈ **ਬੀਚਮ** (ਬਦੇਸੀ ਕੰ.) ਦੀ ਹੇਅਰਕਰੀਮ ਮਲਦੇ ਹਨ। ਚਿਹਰੇ ਉੱਤੇ **ਚੈੱਸਬਰੋ ਕੰ:** (ਬਦੇਸੀ ਕੰ:) ਦੀ **ਪੌਂਡਜ਼** ਕਰੀਮ ਮਲਣ ਤੋਂ ਬਾਅਦ ਉਹ ਕਾਹਲੀ ਨਾਲ ਕੱਪੜੇ ਚਾੜ੍ਹਦੇ ਹਨ ਅਤੇ ਗੁੱਟ ਉਤੇ **ਸੀਕੋ** (ਬਦੇਸੀ) ਘੜੀ ਬੰਨ੍ਹਦੇ ਹਨ। ਮਣਫ਼ੀ ਟਰ ਜਿ:ਟਰ ਦੀ ਦਬ ਰਹੀ ਆਵਾਜ਼ ਪ੍ਰੋ: ਸਾਹਬ ਨੂੰ ਖਤਮ ਹੋ ਚਲੇ ਸੈੱਲਾਂ ਦਾ ਚੇਤਾ ਕਰਾਉਂਦੀ ਹੈ ਅਤੇ ਉਹ ਅੱਜ ਹੀ ਨਾਲ **ਯੂਨੀਅਨ ਕਾਰਬਾਈਡ** (ਬਦੇਸੀ ਕੰ:) ਦੇ **ਐਵਰੇਡੀ** ਸੈੱਲ ਲੈ ਆਉਣ ਦੀ ਯਾਦ ਪੱਕੀ ਕਰਦੇ ਹਨ। ਰਾਤੀਂ ਘੱਟ ਸੁੱਤੇ ਹੋਣ ਸਦਕਾ ਪ੍ਰੋ: ਸਾਹਬ ਨੂੰ ਆਪਣਾ ਸਿਰ ਭਾਰਾ ਭਾਰਾ ਲੱਗ ਰਿਹਾ ਹੈ ਅਤੇ ਉਹ **ਹੋਖਤ** (ਜਰਮਨ ਦਵਾ ਕੰਪਨੀ) ਦੁਆਰਾ ਤਿਆਰ ਕੀਤੀ **ਨਾਵਲਜਿਨ** ਦੀ ਗੋਲੀ ਲੰਘਾ ਲੈਣ ਤੋਂ ਬਾਅਦ, ਕਾਹਲੀ ਨਾਲ, ਆਪਣਾ ਕਾਗਜ਼ ਪੱਤਰ ਸੰਭਾਲਦੇ ਹੋਏ ਜਾਣ ਲਈ ਕਾਹਲੇ ਪੈਂਦੇ ਹਨ। ਅੰਗਰੇਜ਼ੀ ਫ਼ਿਲਮ ਦਾ ਪਰੋਗਰਾਮ ਰੱਦ ਹੋ ਜਾਣ ਤੋਂ ਬਾਅਦ ਸ੍ਰੀਮਤੀ ਨੇ ਅੱਜ ਸ਼ਾਪਿੰਗ (ਬਜ਼ਾਰੋਂ ਚੀਜ਼ਾਂ ਖਰੀਦਣ) ਦਾ ਪ੍ਰੋਗਰਾਮ ਬਣਾਇਆ ਹੈ, ਇਸ ਲਈ ਉਹ ਪ੍ਰੋ: ਸਾਹਬ ਨੂੰ ਪੈਸੇ ਦੇ ਜਾਣ ਲਈ ਤਾਕੀਦ ਕਰਦੀ ਹੈ। ਪ੍ਰੋ: ਭਾਰਤੀ ਸ੍ਰੀਮਤੀ ਨੂੰ ਆਪਣਾ **ਚਾਰਟਰਡ ਬੈਂਕ** (ਬਦੇਸੀ) ਦਾ ਚੈੱਕ ਕਟਕੇ ਦਿੰਦੇ ਹਨ ਅਤੇ ਆਪਣੇ ਕਾਗਜ਼ ਪੱਤਰ ਵਿਚੋਂ ਰਾਤੀਂ ਲਿਖੇ ਹੋਏ ਭਾਸ਼ਣ ਵਾਲੇ ਕਾਗਜ਼ ਦੁਬਾਰਾ ਫਿਰ ਦੇਖਦੇ ਹਨ ਅਤੇ ਕਾਹਲੀ ਨਾਲ ਘਰੋਂ ਬਾਹਰ ਨਿਕਲ ਜਾਂਦੇ ਹਨ। **ਅਸ਼ੋਕ ਲੇਅ ਲੈਂਡ** (ਬਰਤਾਨਵੀ ਕੰ:) ਦੀ ਬੱਸ 'ਤੇ ਸਵਾਰ ਹੋਏ ਪ੍ਰੋ: ਠਾਕਰ ਦੱਤ ਭਾਰਤੀ ਸੈਮੀਨਾਰ ਦੀ ਜਗ੍ਹਾ ਵਲ ਤੇਜ਼ ਦੌੜੇ ਜਾ ਰਹੇ ਹਨ............

ਸੈਮੀਨਾਰ 'ਚ ਹਿੱਸਾ ਲੈਣ ਵਾਲੇ ਸਭ ਬੁਲਾਰੇ ਭਾਰਤੀ ਜਨਤਾ ਨੂੰ ਭਾਰਤੀ ਮਾਲ ਵਰਤਣ ਅਤੇ ਭਾਰਤੀ ਵਿਚਾਰ ਗ੍ਰਹਿਣ ਕਰਨ ਦਾ ਉਪਦੇਸ਼ ਦਿੰਦੇ ਹਨ.........

O

# ਚਾਲ ਚਲਣ

— ਹਰਿੰਦਰ ਗਰੇਵਾਲ
(ਫੋਰਟ ਨੈਲਸਨ)

ਉਹ ਬਾਹਰੋਂ ਮੁੜਕੇ ਆਇਆ ਤਾਂ ਪਤਾ ਲੱਗਿਆ ਕਿ ਮਗਰੋਂ ਚੌਕੀਦਾਰ ਤੇ ਇਕ ਸਿਪਾਹੀ ਆਏ ਸੀ ਤੇ ਕਹਿ ਗਏ ਕਿ ਪੰਚ ਮਹਿੰਦਰ ਸਿੰਘ ਦੇ ਘਰ ਥਾਣੇਦਾਰ ਸਾਹਿਬ ਆਏ ਹੋਏ ਆ, ਤੇ ਉਹਨਾਂ ਨੇ ਬੁਲਾਇਆ ਹੈ। ਉਹ ਸੋਚੀਂ ਪੈ ਗਿਆ ਕਿ ਕੀ ਗੱਲ ਹੋ ਸਕਦੀ ਆ। ਫੇਰ ਉਸਨੂੰ ਖਿਆਲ ਆਇਆ ਕਿ ਉਸਦੇ ਵੱਡੇ ਭਰਾ ਨੇ ਪਾਸਪੋਰਟ ਵਾਸਤੇ ਅਪਲਾਈ ਕੀਤਾ ਹੋਇਆ, ਉਸਦੇ ਬਾਰੇ ਇਹ ਆਏ ਹੋਣਗੇ।
ਥਾਣੇਦਾਰ ਨੇ ਬਾਕੀਆਂ ਦਾ ਕੰਮ ਨਿਬੇੜਨ ਤੋਂ ਮਗਰੋਂ ਉਸ ਵੱਲ ਨੂੰ ਮੂੰਹ ਕਰਕੇ ਕਿਹਾ,
"ਤੇਰਾ ਨਾਂ ਕੀ ਆ ਬਈ?"
"ਜੀ ਸੁਖਵਿੰਦਰ ਆ।" ਉਸਨੇ ਛੋਟਾ ਜਿਹਾ ਜਵਾਬ ਦਿੱਤਾ।
"ਸਤਵਿੰਦਰ ਤੇਰਾ ਭਰਾ ਈ?"
"ਹਾਂ ਜੀ।"
"ਕਿਥੇ ਗਇਆ"?
"ਜੀ ਉਹ ਤਾਂ ਜੰਮੂ ਕਸ਼ਮੀਰ 'ਚ ਨੌਕਰੀ ਕਰਦਾ।"
ਥਾਣੇਦਾਰ ਦੋ ਕੁ ਹੋਰ ਗੱਲਾਂ ਪੁੱਛ ਕੇ ਇਕ ਸਫੇਦ ਕਾਗਜ਼ ਉਤੇ ਕੁੱਝ ਲਿਖਣ ਲੱਗ ਪਿਆ। ਦੋ ਤਿੰਨ ਬੰਦਿਆਂ ਦੇ ਦਸਖਤ ਕਰਵਾ ਕੇ ਥਾਣੇਦਾਰ ਨੇ ਉਨ੍ਹਾਂ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ।
ਜਦੋਂ ਉਹ ਪੰਚ ਦੇ ਘਰੋਂ ਨਿਕਲੇ ਮਗਰ ਹੀ ਸਿਪਾਹੀ ਬਾਹਰ ਨਿਕਲ ਆਇਆ ਤੇ ਕਰਤਾਰ ਚਾਚੇ ਨੂੰ ਬੋਲਿਆ, "ਬਾਬਾ ਜੀ ਸਾਡੀ ਗੱਡੀ ਦੇ ਪਟਰੋਲ ਦਾ ਖਰਚ ਦੇਣਾ?"
"ਦਸੋ ਮਹਾਰਾਜ ਕੀ ਸੇਵਾ ਕਰੀਏ?" ਚਾਚੇ ਨੇ ਅੱਗੋਂ ਸੁਆਲ ਕੀਤਾ।
"ਚਾਲੀ ਰੁਪਈਏ ਲੈਣੇ ਹੀਏ ਆਂ"
ਏਨਾਂ ਕੀਆਂ ਗੱਲਾਂ ਸੁਣੀ ਹੋਣ ਕਰਕੇ ਚਾਚੇ ਨੇ ਉਸਨੂੰ ਘਰੋਂ ਪੈਸੇ ਲਿਆਉਣ ਵਾਸਤੇ ਕਿਹਾ। ਪਹਿਲਾਂ ਤਾਂ ਉਸਦਾ ਕੁੱਝ ਕਹਿਣ ਨੂੰ ਦਿਲ ਕੀਤਾ, ਪਰ ਫੇਰ ਕੁੱਝ ਸੋਚ ਕੇ ਉਹ ਨੀਵੀਂ ਪਾ ਕੇ ਘਰ ਨੂੰ ਤੁਰ ਪਿਆ। ਘਰ ਜਾਕੇ ਉਸਨੇ ਮਾਂ ਤੋਂ ਚਾਲੀ ਰੁਪਈਆਂ ਦੀ ਮੰਗ ਕੀਤੀ। ਮਾਂ ਕੋਲ ਵੀ ਕੋਈ ਪੈਸਾ ਨਹੀਂ ਸੀ। ਉਹ ਇਹ ਸੁਣਕੇ ਕਿ ਥਾਣੇ ਵਾਸਤੇ ਚਾਹੀਦੇ ਆ, ਗੁਆਂਢਣ ਤੋਂ ਪੈਸੇ ਉਧਾਰੇ ਲੈਣ ਚਲੀ ਗਈ। ਪੰਜ ਕੁ ਮਿੰਟ ਮਗਰੋਂ ਮਾਂ ਨੇ ਵੀਹ ਰੁਪਈਏ ਲਿਆ ਕੇ ਉਸ ਦੇ ਹੱਥ ਤੇ ਧਰ ਦਿੱਤੇ ਅਤੇ ਪੂਰੇ ਪੈਸੇ ਨਾਂ ਮਿਲਣ ਤੇ ਆਪਣੀ ਬੇਵਸੀ ਜ਼ਾਹਰ ਕੀਤੀ।

ਉਸ ਨੇ ਵੀਹ ਰੁਪਈਏ ਲਿਜਾ ਕੇ ਚਾਚੇ ਨੂੰ ਫੜਾ ਦਿੱਤੇ। ਚਾਚੇ ਨੇ ਵੀਹ ਰੁਪਈਏ ਸਿਪਾਹੀ ਵੱਲ ਵਧਾਉਂਦੇ ਹੋਏ ਕਿਹਾ, "ਮਹਾਰਾਜ ਐਸ ਵੇਲੇ ਆਹੀ ਨੇ ਸਾਡੇ ਕੋਲ।" ਸਿਪਾਹੀ ਨੇ ਪੂਰੇ ਪੈਸੇ ਲੈਣ ਵਾਸਤੇ ਪਹਿਲਾਂ ਤਾਂ ਜ਼ਿਦ ਜਿਹੀ ਕੀਤੀ। ਫੇਰ ਦੋ ਕੁ ਵਾਰ ਜਵਾਬ ਦੇਣ ਮਗਰੋਂ ਪੈਸੇ ਫੜ ਹੀ ਲਏ।

ਉਸ ਨੇ ਤੁਰਨ ਲੱਗੇ ਆਪਣੇ ਚਾਚੇ ਨੂੰ ਅਚੇਤ ਹੀ ਪੁੱਛਿਆ, "ਚਾਚਾ ਜੀ, ਪੈਟਰੋਲ ਦੇ ਪੈਸੇ ਆਪਾਂ ਨੂੰ ਦੇਣੇ ਪੈਂਦੇ ਹੁੰਦੇ ਆ? ਚਾਚੇ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਸਿਪਾਹੀ ਬੋਲ ਪਿਆ। "ਤੈਨੂੰ ਪਤਾ ਹੀ ਹੈ। ਜੇ ਅਸੀਂ ਤੇਰੇ ਮੁੰਡੇ ਨੂੰ ਇਥੇ ਬੁਲਾਉਂਦੇ ਤਾਂ ਉਸ ਦਾ ਕਿੰਨਾ ਖਰਚ ਹੋ ਜਾਣਾ ਸੀ ਇਥੇ ਆਉਣ 'ਤੇ? ਸਾਡੇ ਅਸੀਂ ਵੀਹਾਂ ਰੁਪਈਆਂ 'ਚ ਹੀ ਉਸਦਾ ਚਾਲ ਚਲਣ ਆਪਣੇ ਆਪ ਠੀਕ ਕਰ ਦਿੱਤਾ।"

ਬਿਨਾਂ ਕੁੱਝ ਕਹੇ ਸੁਣੇ ਉਹ ਆਪਣੇ ਚਾਚੇ ਨੂੰ ਨਾਲ ਲੈ ਕੇ ਘਰ ਨੂੰ ਤੁਰ ਪਿਆ।

---

WANTED A SUITABLE MATCH FOR A 23 YEARS BRAHMAN BOY. HEIGHT 5'6" FAIR COMPLEXION, PUNJAB UNIVERSITY BOXING CHAMPION. PRESENTLY SERVING IN ENGINEERING PROJECT OF INDIA IN KUWAIT. EARNING RS. 5500/= PER MONTH

WRITE: C/O BOX 1722
SPARWOOD, B.C. V0B - 2 G0

# ਦਰਪਣ

ਖ਼ਤ

ਮੇਰੇ ਕੋਲ ਤੁਹਾਡੀ ਮਿਹਨਤ ਤੇ ਲਗਨ ਨਾਲ ਸ਼ਿੰਗਾਰਿਆ ਪਰਚਾ 'ਵਤਨੋਂ ਦੂਰ' ਲਗਾਤਾਰ ਪਹੁੰਚ ਰਿਹਾ ਹੈ। ਜੋ ਸਾਡੇ ਪਿੰਡ ਦੀ ਲਾਇਬ੍ਰੇਰੀ ਦਾ ਸ਼ਿੰਗਾਰ ਹੁੰਦਾ ਹੈ। ਪਰਚਾ ਹਰ ਵਾਰ ਲਗਾਤਾਰ ਪੜ੍ਹਦਾ ਹਾਂ। ਸਿਫ਼ਤਾਂ ਸੁਣਦਾ ਵੀ ਹਾਂ ਤੇ ਕਰਦਾ ਵੀ ਹਾਂ। ਬਾਹਰਲੇ ਦੇਸ਼ ਵਿਚ ਰੋਜ਼ੀ ਖ਼ਾਤਰ ਜਾਕੇ ਮਾਂ ਬੋਲੀ ਦੀ ਸੇਵਾ ਲਈ ਤੇ ਲੁੱਟੇ ਪੁੱਟੇ ਜਾਂਦੇ ਕਿਰਤੀ ਲੋਕਾਂ ਦੀ ਸੇਵਾ ਲਈ ਏਨਾ ਹੰਭਲਾ, ਤੇ ਪੰਜਾਬੀ ਪਰਚਾ ਲਗਾਤਾਰ ਪ੍ਰਕਾਸ਼ਿਤ ਕਰਨਾ, ਕੋਈ ਛੋਟੀ ਜਿਹੀ ਗੱਲ ਨਹੀਂ। ਪਰਚੇ ਤਾਂ ਇਥੇ ਪੰਜਾਬ ਵਿਚ ਖੁੰਬਾਂ ਵਾਂਗ ਜਨਮ ਲੈਕੇ, ਮੁੜ ਦਿਸਦੇ ਨਹੀਂ। ਤੁਸੀਂ ਤਾਂ ਫਿਰ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਹੋ। ਇਸ ਗੱਲ ਲਈ, ਤੁਸੀਂ ਤੁਹਾਡੇ ਸਹਿਯੋਗੀ ਤੇ ਹੋਰ ਤੁਹਾਡੇ ਕੋਲ ਵਸਦੇ ਪੰਜਾਬੀ ਸਤ ਪ੍ਰਸੰਸਾ ਦੇ ਪਾਤਰ ਹੋ।

ਪ੍ਰਮਾਤਮਾ : ਪਾਰਸ
ਗੰਡੀਵਿੰਡ / ਅੰਮ੍ਰਿਤਸਰ

"ਵਤਨੋਂ ਦੂਰ" ਭੇਜਣ ਲਈ ਧੰਨਵਾਦ। ਪ੍ਰਦੇਸਾਂ 'ਚ ਰਹਿੰਦਿਆਂ ਜਿਥੇ ਆਪਣੇ ਨੇ ਲੋਕਾਂ ਨੂੰ ਮਰਨ ਦੀ ਵੀ ਵਿਹਲ ਨਹੀਂ ਤੁਸੀਂ ਆਪਣੇ ਆਪ ਨੂੰ ਭੁਲੇ ਨਹੀਂ ਇਸ ਲਈ ਸਿਰਫ਼ ਤਰਜਮਾ ਕਰਕੇ ਨਹੀਂ ਰਹਿ ਗਏ। ਤੁਹਾਡੀ ਸਿਰਫ਼ ਤਰਜਮਾ ਕਰਕੇ ਨਾ ਜੀਊਣ ਲਈ ਕੋਸ਼ਿਸ਼ ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਸਿਰ ਅਹਿਸਾਨ ਹੈ।

ਦਲੀਪ ਕੌਰ ਟਿਵਾਣਾ
ਅਜੀਤ ਨਗਰ / ਪਟਿਆਲਾ

"ਵਤਨੋਂ ਦੂਰ" ਦੇ ਮਈ 1978 ਦੇ ਅੰਕ ਵਿਚ ਵੰਨ ਸੁਵੰਨੀ ਸਮੱਗਰੀ ਦੇਣ ਦਾ ਤੁਹਾਡਾ ਉਪ-ਰਾਲਾ ਸ਼ਲਾਘਾਯੋਗ ਹੈ। ਸੰਪਾਦਕੀ ਪੜ੍ਹਕੇ ਮਹਿਸੂਸ ਹੋਇਆ ਹੈ ਕਿ ਜਿਥੇ ਇਸ ਪੱਤ੍ਰਕਾ ਨੇ ਪ੍ਰਾਪਤੀਆਂ ਦਾ ਇਕ ਲੰਬਾ ਸਫ਼ਰ ਤੈਅ ਕਰ ਲਿਆ ਹੈ ਉਥੇ ਇਹ ਕੁੱਝ ਸੀਮਾਵਾਂ ਦਾ ਵੀ ਸਾਹਮਣਾ ਕਰ ਰਹੀ ਹੈ। "ਰਾਮਦਾਸੀਆ" ਦੀ ਨਜ਼ਮ ਵਿਚ ਪੂੰਜੀਵਾਦੀ ਦੌਰ ਵਿਚ ਗੁਜ਼ਰ ਰਹੇ ਮਨੁੱਖੀ ਜੀਵਨ ਦੇ ਸੰਘਰਸ਼ ਅਤੇ ਕਸ਼ਮਕਸ਼ ਦਾ ਯਥਾਰਥ ਪੇਸ਼ ਹੈ। ਗਿਆਨੀ ਕੇਸਰ ਸਿੰਘ ਦੀ ਜੇਲ੍ਹੀ ਕੈਦੀਆਂ ਬਾਰੇ ਨਜ਼ਮ ਵੀ ਦਿਲ ਨੂੰ ਹਲੂਣ ਸੁੱਟਣ ਵਾਲੀ ਹੈ। ਦਰਸ਼ਨ ਧੀਰ ਦੀ ਕਹਾਣੀ 'ਆਸ' ਪੜ੍ਹਕੇ ਪਾਠਕ ਨੂੰ ਵਿਗੜੇ ਹੋਏ ਪੂੰਜੀਵਾਦੀ ਸਭਿਆਚਾਰ ਅਧੀਨ ਜਿਹੜੀ ਜੇਲ੍ਹ ਤੇ ਅਪਰਾਧ ਹੋ ਚੁੱਕੇ ਭਾਰਤੀ ਲੋਕਾਂ ਬਾਰੇ ਬੜਾ ਤਕੜਾ ਅਹਿਸਾਸ ਹੁੰਦਾ ਹੈ। (ਲੇਖ ਜਿਹਨਾਂ ਦੇ ਸਾਰੇ ਹਿੱਤ ਪੰਜੇ ਸਾਲ ਹੀ ਬੱਝੇ ਰਹਿ ਗਏ ਹਨ।)

ਗੁਰਬਖ਼ਸ਼ ਜੱਸ
ਬਲਾਚੌਰ / ਹੁਸ਼ਿਆਰਪੁਰ

ਜੁਲਾਈ ਅਗਸਤ ਦਾ 'ਵਤਨੋਂ ਦੂਰ' ਭੇਜਣ ਲਈ ਸ਼ੁਕਰੀਆ। ਮੈਂ ਇਸ ਨੂੰ ਅਜੇ ਸਰਸਰੀ ਨਜ਼ਰੇ ਹੀ ਵੇਖਿਆ ਹੈ ਤੇ ਮੈਨੂੰ ਇਹ ਬਹੁਤ ਉੱਚੀ ਪੱਧਰ ਦਾ ਪੰਜਾਬੀ ਮੈਗਜ਼ੀਨ ਜਾਪਿਆ ਹੈ। ਤੁਹਾਡੀ ਦੂਰੀ ਦਾ ਧਿਆਨ ਕਰਦਿਆਂ ਤੁਹਾਡੀ ਕੋਸ਼ਿਸ਼ ਦੀ ਜਿੰਨੀ ਵੀ ਦਾਦ ਦਿੱਤੀ ਜਾਵੇ ਥੋੜ੍ਹੀ ਹੈ। ਵੈਨਕੂਵਰ 'ਚ ਹੋਇਆ ਕਾਮਾਗਾਟਾ ਮਾਰੂ ਦਾ ਵਾਕਿਆ ਸ਼ਾਇਦ ਬ੍ਰਿਟਿਸ਼ ਕੋਲੰਬੀਆ ਵਿਚ ਰਹਿਣ ਵਾਲੇ ਪੰਜਾਬੀਆਂ ਦੇ ਉਤਸ਼ਾਹ ਦਾ ਸੋਮਾ ਹੈ।

ਮੈਂ ਤੁਹਾਨੂੰ ਛੇਤੀ ਹੀ ਆਪਣੇ ਪੰਜਾਬੀ ਹਫ਼ਤਾਵਾਰ 'ਵੰਗਾਰ' ਦੀਆਂ ਕੁੱਝ ਕਾਪੀਆਂ ਭੇਜਾਂਗਾ। 'ਵੰਗਾਰ' ਪਾਕਿਸਤਾਨ ਵਿਚ ਪੰਜਾਬੀ ਦਾ ਇਕੋ ਇਕ ਪਰਚਾ ਹੈ। ਤੁਹਾਨੂੰ ਸ਼ਾਇਦ ਪਤਾ ਹੋਵੇ ਕਿ ਪਾਕਿਸਤਾਨ ਗੌਰਮਿੰਟ ਨੇ ਮੇਰੀਆਂ ਚਾਰ ਕਿਤਾਬਾਂ (ਦੋ ਨਾਵਲ ਦੋ ਕਾਵਿ ਸੰਗ੍ਰਹਿ) ਨੂੰ ਅਸ਼ਲੀਲ ਕਰਾਰ ਦੇ ਕੇ ਬੈਨ ਕਰ ਦਿੱਤਾ ਹੈ, ਮੈਂ ਪੰਜਾਬ ਹਾਈਕੋਰਟ ਵਿਚ 80 ਸਫ਼ਿਆਂ ਦੀ 'ਪਟੀਸ਼ਨ' ਪੇਸ਼ ਕੀਤੀ ਹੈ, ਜਿਹਦੇ ਕੁੱਝ ਹਿੱਸੇ ਲਾਹੌਰ ਤੋਂ ਨਿਕਲਦੇ ਅੰਗਰੇਜ਼ੀ ਦੇ "VIEW POINT" ਨੇ ਛਾਪੇ ਹਨ। ਇਹਨਾਂ ਦੀ ਕਟਿੰਗ ਤੁਹਾਨੂੰ ਭੇਜ ਰਿਹਾ ਹਾਂ। ਤੇ ਨਾਲ 'ਸੰਡੇ ਟ੍ਰਿਬਿਊਨ', ਚੰਡੀਗੜ੍ਹ ਦੀ ਕਟਿੰਗ ਤੇ ਕੇਂਦਰੀ ਲਿਖਾਰੀ ਸਭਾ (ਜਲੰਧਰ) ਦਾ ਪਾਸ ਕੀਤਾ ਮਤਾ ਭੇਜ ਰਿਹਾ ਹਾਂ। ਜੇ ਤੁਸੀਂ ਚਾਹੋਂ ਤਾਂ ਇਹਨਾਂ ਨੂੰ ਵਰਤ ਲੈਣਾ।

ਫ਼ਖ਼ਰ ਜ਼ਮਾਨ
ਲਾਹੌਰ।

# ਕਾਨੂੰਨੀ ਟਿੱਪਣੀ

# ਪੰਜਾਬੀ ਪੁਸਤਕਾਂ ਤੇ ਮੁੱਕਦਮਾ

(ਪਾਕਿਸਤਾਨ ਦੀ ਸਰਕਾਰ ਨੇ ਪ੍ਰਸਿੱਧ ਪਾਕਿਸਤਾਨੀ ਪੰਜਾਬੀ ਲੇਖਕ ਫਖਰ ਜ਼ਮਾਨ ਦੀਆਂ ਚਾਰ ਕਿਤਾਬਾਂ 'ਬੰਦੀਵਾਨ', 'ਸੱਤ ਗੁਆਚੇ ਲੋਕ', 'ਇਕ ਮਰੇ ਪੁੱਤ ਦੀ ਕਹਾਣੀ', ਤੇ 'ਵਲੈਤ ਦੇਸੇ ਦੀ' ਅਸ਼ਲੀਲਤਾ ਦਾ ਦੋਸ਼ ਲਾ ਕੇ ਜ਼ਬਤ ਕਰ ਲਈਆਂ ਹਨ। ਅਸੀਂ ਪਾਕਿਸਤਾਨ ਸਰਕਾਰ ਦੇ ਇਸ ਫੈਸਲੇ ਦੀ ਪੁਰਜ਼ੋਰ ਨਿਖੇਧੀ ਕਰਦੇ ਹਾਂ। ਫਖਰ ਜ਼ਮਾਨ ਹੋਰਾਂ ਬਾਰੇ ਤੋਲਿਆ ਤੁਲਿਆ ਇਕ ਆਰਟੀਕਲ ਜੋ ਲਾਹੌਰ ਤੋਂ ਨਿਕਲਦੇ ਹਫ਼ਤਾਵਾਰੀ 'VIEWPOINT' ਵਿਚ ਛਪਿਆ ਸੀ 'ਵਤਨੋਂ ਦੂਰ' ਦੇ ਪਾਠਕਾਂ ਦੀ ਜਾਣਕਾਰੀ ਲਈ ਛਾਪ ਰਹੇ ਹਾਂ — ਸੰਪਾਦਕ)

ਫਖਰ ਜ਼ਮਾਨ ਦੀ ਲਾਹੌਰ ਹਾਈ ਕੋਰਟ ਵਿਚ ਅਰਜ਼ੀ, ਜਿਸ ਰਾਹੀਂ ਉਸ ਪਾਕਿਸਤਾਨ ਸਰਕਾਰ ਦੇ ਉਸਦੀਆਂ ਚਾਰ ਪੁਸਤਕਾਂ ਤੇ ਲਾਈ ਬੰਦਸ਼ ਦੇ ਹੁਕਮ ਨੂੰ ਵੰਗਾਰਿਆ ਹੈ। ਸਾਹਿਤ ਵਿਚ ਅਸ਼ਲੀਲਤਾ ਦੇ ਸਵਾਲਾਂ, ਸਮਕਾਲੀ ਪਾਕਿਸਤਾਨੀ ਸਾਹਿਤਕਾਰ ਦੇ ਅਧਿਕਾਰ ਤੇ ਜ਼ਿੰਮੇਵਾਰੀਆਂ 1963 ਦੇ ਬਦ-ਕਿਸਮਤ ਤੇ ਅੱਤ-ਵਿਰੋਧੀ ਪ੍ਰੈਸ ਅਤੇ ਪ੍ਰਕਾਸ਼ਨਾ ਹੁਕਮ, ਲੋਕ ਸਵਾਲਾਂ ਦੇ ਜਾਂ ਹੋਰ ਅਧਿਕਾਰੀ ਸਾਹਿਤਕ ਸਰਗਰਮੀ ਵਿਚ ਕਿੰਨੀ ਕੁ ਦਖਲ ਅੰਦਾਜ਼ੀ ਕਰ ਸਕਦੇ ਹਨ, ਵਰਗੇ ਸਵਾਲਾਂ ਦਾ ਇਕ ਦਿਲਚਸਪ ਅਧਿਐਨ ਹੈ ਤੇ ਕਾਨੂੰਨ ਦੀ ਪ੍ਰੀਖਿਆ ਹੈ। ਮੰਟੋ ਦੀਆਂ ਦੋ ਦਹਾਕੇ ਪਹਿਲਾਂ ਲੜੀਆਂ ਕਾਨੂੰਨੀ ਲੜਾਈਆਂ ਤੋਂ ਪਿਛੋਂ ਇਹ ਸ਼ਾਇਦ ਸਭ ਤੋਂ ਵੱਧ ਸਨਸਨੀ ਕੇਸ ਹੋਵੇ।

ਥੋੜ੍ਹੇ ਸਾਲਾਂ ਵਿਚ ਹੀ ਕੁੱਝ ਪੁਸਤਕਾਂ ਛਾਪਕੇ ਤੇ ਖਾਸ ਕਰ ਆਪਣੇ ਆਪ ਨੂੰ ਪੰਜਾਬੀ ਸਾਹਿਤ ਦੀ ਉੱਨਤੀ ਲਈ ਅਰਪਣ ਕਰਕੇ ਫਖਰ ਜ਼ਮਾਨ ਨੇ ਪ੍ਰਸਿੱਧਤਾ ਪ੍ਰਾਪਤ ਕੀਤੀ ਹੈ। ਓਸ ਨੇ ਵਿਦਿਆਲੇ 'ਚ ਸਮਾਜਕ ਅਧਿਐਨ ਦੀ ਪੋਸਟ ਗਰੈਜੂਏਟ ਵਿਦਿਆ ਹਾਸਲ ਕਰਨ ਤੋਂ ਪਹਿਲਾਂ ਉਸ ਐਮ. ਏ. ਅਤੇ ਕਾਨੂੰਨ ਦੀ ਬੀ. ਏ. ਪਾਸ ਕੀਤੀ। 1971 ਤੋਂ 1977 ਤੱਕ ਉਸ ਰਾਜਨੀਤੀ ਵਿਚ ਸਰਗਰਮ ਹਿੱਸਾ ਲਿਆ ਅਤੇ ਜੁਲਾਈ 1977 ਵਿਚ ਸੈਨੇਟ ਨੂੰ ਭੰਗ ਕਰਨ ਤਕ ਇਸਦਾ ਮੈਂਬਰ ਰਿਹਾ। ਉਸਦਾ ਨਾਵਲ 'ਸੱਤ ਗੁਆਚੇ ਲੋਕ' ਹਿੰਦੁਸਤਾਨ 'ਚ ਗੁਰਮੁਖੀ ਲਿੱਪੀ ਵਿਚ ਛਪਿਆ ਹੈ ਅਤੇ ਤਿੰਨ ਹੋਰ ਪੁਸਤਕਾਂ ਛਪ ਰਹੀਆਂ ਹਨ।

ਕੇਸ ਦਾ ਪਿਛੋਕੜ ਇਹ ਹੈ ਕਿ ਪਿਛਲੇ ਮਹੀਨੇ ਪੰਜਾਬ ਸਰਕਾਰ ਨੇ ਫਖਰ ਜ਼ਮਾਨ ਦੀਆਂ ਚਾਰ ਪੁਸਤਕਾਂ 'ਸੱਤ ਗੁਆਚੇ ਲੋਕ' 'ਇਕ ਮਰੇ ਪੁੱਤ ਦੀ ਕਹਾਣੀ, ਬੰਦੀਵਾਨ, ਵਲੈਤ ਦੇਸੇ ਦੀ', ਜੋ ਵੱਖ ਵੱਖ ਸਮੇਂ ਛਪੀਆਂ ਸਨ ਜ਼ਬਤ ਕਰ ਲਈਆਂ ਹਨ। ਇਹ ਸਾਰੇ ਪੁਸਤਕਾਂ ਪੰਜਾਬੀ ਵਿਚ ਹਨ। ਪਹਿਲੇ ਦੋ ਨਾਵਲ ਹਨ ਅਤੇ ਦੂਜੀਆਂ ਦੋ ਕਾਵਿ-ਸੰਗ੍ਰਹਿ। ਸਰਕਾਰ ਦੇ ਇਸ ਫੈਸਲੇ ਦੀ ਸੂਚਨਾ ਵੀ ਲੇਖਕ ਨੂੰ ਨਹੀਂ ਦਿੱਤੀ ਗਈ। (ਉਸਨੂੰ ਇਸ ਦਾ ਪਤਾ ਇਕ ਅਖ਼ਬਾਰੀ ਖਬਰ ਰਾਹੀਂ ਲੱਗਾ), ਅਤੇ ਨਾ ਹੀ ਪੁਸਤਕਾਂ ਸਬੰਧੀ ਜਵਾਬਦੇਹੀ ਕਰਨ ਦਾ ਮੌਕਾ ਦਿੱਤਾ ਗਿਆ ਹੈ। ਪਿਛੋਂ ਵਕੀਲ ਦੇ ਨੋਟਿਸ ਦੇ ਜਵਾਬ ਵਜੋਂ ਲੇਖਕ ਨੂੰ ਉਹਨਾਂ ਦੋਸ਼ਾਂ ਤੋਂ ਸੂਚਿਤ ਕੀਤਾ ਗਿਆ ਜਿਨ੍ਹਾਂ ਦੇ ਅਧਾਰ ਤੇ ਇਹ ਕਾਰਵਾਈ ਕੀਤੀ ਗਈ।

ਫਖਰ ਜ਼ਮਾਨ ਨੇ ਲਾਹੌਰ ਹਾਈਕੋਰਟ ਵਿਚ ਇਕ ਰਿੱਟ ਅਰਜ਼ੀ ਦਾਇਰ ਕਰਕੇ ਬੇਨਤੀ ਕੀਤੀ ਹੈ ਕਿ ਉਸ ਦੀਆਂ ਪੁਸਤਕਾਂ ਨੂੰ ਜ਼ਬਤ ਕਰਨ ਦਾ ਹੁਕਮ ਰੱਦ ਕੀਤਾ ਜਾਵੇ। ਅਰਜ਼ੀ ਭੂਮਿਕਾ 'ਚ ਲੇਖਕ ਨੇ ਆਪਣੇ ਉਹਨਾਂ ਵਿਚਾਰਾਂ ਨੂੰ ਬਿਆਨ ਕੀਤਾ ਹੈ ਜਿਨ੍ਹਾਂ ਤੋਂ ਉਸ ਦੀਆਂ ਲਿਖਤਾਂ ਨੂੰ ਉਤਸ਼ਾਹ ਮਿਲਿਆ ਹੈ। ਇਸ ਵਿਚ ਕਿਹਾ ਹੈ "ਅਰਜ਼ੀ ਦੇਣ ਵਾਲਾ (PETITIONER) ਲੇਖਕਾਂ ਦੀ ਉਸ ਪੀੜ੍ਹੀ 'ਚੋਂ ਹੈ, ਜਿਸ ਨੇ ਭਰਪੂਰ ਜਵਾਨੀ ਸਮੇਂ ਪਾਕਿਸਤਾਨ ਨੂੰ ਹੋਂਦ 'ਚ ਆਉਂਦਿਆਂ ਤੱਕਿਆ, ਇਸਦੀ ਰੌਸ਼ਨ ਭਵਿੱਖ 'ਚ ਪਲੇ, ਇਸ ਦੀ ਬਿਹਤਰ ਦੀਆਂ ਆਸਾਂ ਤੇ ਉਮੰਗਾਂ ਨੂੰ ਮਾਣਿਆ, ਪਰ ਇਸ ਨੂੰ ਇਕ ਫੌਜੀ ਧੱਕੇ-ਸ਼ਾਹੀ ਜਿਹਾਦੀ ਜੁੰਡਲੀ ਹਥ ਬਦਲੇ ਹੋਏ ਜਾਂਦਿਆਂ ਤੱਕਿਆ। ਇਸ ਜੁੰਡਲੀ ਨੇ ਸਰਕਾਰੀ ਜ਼ੁਲਮ ਦੇ ਆਸਰੇ ਨਾਲ ਆਪਣੀ ਪ੍ਰਭੁਤਾ ਨੂੰ ਕਾਇਮ ਰੱਖਿਆ। ਜਿਹੜੀ ਪੀੜ੍ਹੀ ਨੂੰ ਇਸ ਦੌਰ 'ਚ ਲਿਜਾਇਆ ਗਿਆ ਉਸ ਤੇ ਮੂਸਾ (MOSES) ਦਾ ਨਹੀਂ ਸਗੋਂ ਔਜ਼ੀਮੰਡਸ (ਸੀਰੀਆ ਦੇ ਪ੍ਰਚੀਨ ਬਾਦਸ਼ਾਹ) ਦਾ ਰਾਜ ਹੋਣਾ ਸੀ। ਲੇਖਕ ਦੀ ਪੀੜ੍ਹੀ ਨੇ ਇਸ ਸੁਪਨੇ ਤੇ ਅਸਲੀਅਤ ਦੇ ਦੁਖਦਾਈ ਅੰਤਰ ਨੂੰ ਵੇਖਿਆ ਹੈ.... ਸੰਖੇਪ ਵਿਚ ਲੇਖਕ ਦੀ ਪੀੜ੍ਹੀ ਨੇ ਦੋ ਵੰਡ ਪਾਲਸੀਆਂ ਨੂੰ ਅਤੇ ਮੌਤ ਯੰਧੋਰ ਨੂੰ ਅਨੁਭਵ ਕੀਤਾ ਹੈ। ਉਹਨਾਂ ਤੱਕਿਆ ਕਿ ਪਾਕਿਸਤਾਨ ਤੇ ਬਾਹਿਰ ਨਾਲ ਅਜ ਹੀ ਰਾਜ ਕਰ ਲਿਆ ਹੈ ਅਤੇ ਇਸਲਾਮਾਬਾਦ ਵਿਚ ਨੌਕਰ-ਸ਼ਾਹੀ ਆਪਣੇ ਸਵਾਰਥੀ ਗੁਣਾਂ ਵਿਚ

ਅਜ ਵੀ ਲੋਕਾਂ ਤੋਂ ਉਨੀਂ ਦੂਰ ਹੈ ਜਿੰਨੀ ਤੀਹ ਸਾਲ ਪਹਿਲਾਂ ਏਸਨੂੰ ਰਚਿਆ ਦੇ ਵੇਲੇ ਸੀ। ਸਾਨੂੰ ਪਤਾ ਹੈ ਕਿ ਵਿਸ਼ਿਸ਼ਟ ਵਰਗ ਨੇ ਆਪਣੇ ਆਪ ਨੂੰ ਅਸਥਾਈ ਤੌਰ ਤੇ ਪ੍ਰਮਾਣਤਾ ਸਿੱਧ ਕਰਨ ਦੇ ਬਾਵਜੂਦ ਵੀ ਸੂਰਤੀਆਂ ਪਾਲਿਸ਼ ਕਰਨ ਵਾਲੇ ਮੁੰਡੇ, ਖੰਗੂ ਵੰਡ ਦੇ ਲੋਟਣ ਵਾਲੀ ਬੁੜ੍ਹੀ ਅਤੇ ਛੋਟਿਆਂ ਬੱਚਿਆਂ ਦੀ ਅਨਪੜ੍ਹ ਮਾਂ ਦੀ ਰਹਿਣੀ ਬਹਿਣੀ ਤੇ ਜਿੰਦਗੀ 'ਚ ਕੋਈ ਤਬਦੀਲੀ ਨਹੀਂ ਆਈ।

ਵਿਸ਼ਿਸ਼ਟ ਵਰਗ ਚਮਕੀਲੇ ਕਾਗਜ਼ਾਂ ਤੇ ਪ੍ਰਭਾਵਸ਼ਾਲੀ ਨਕਸ਼ੇ ਤੇ ਅੰਕੜੇ ਛਾਪ ਸਕਦਾ ਹੈ। ਸੱਤਵੀਂ ਮੰਜ਼ਲ ਤੇ ਆਪਣੇ ਆਰਾਮ ਦੇ ਦਫ਼ਤਰ ਚੋਂ ਉਹ ਦੂਰ ਦਿਸਹੱਦੇ ਤੇ ਬੇ-ਸ਼ੁਮਾਰ ਪ੍ਰਭਾਵਸ਼ਾਲੀ ਆਰਥਕ ਵਿਕਾਸ ਤੱਕ ਸਕਦੇ ਹਨ। ਪਰ ਅਸਲ ਵਿਚ ਇਹ ਆਪਣੇ ਗਰਦਤ ਨਕਸ਼ਿਆਂ ਰਾਹੀਂ ਲੋਕਾਂ ਦੀ ਅੱਖੀਂ ਘੱਟਾ ਪਾ ਰਹੇ ਹਨ। ਇਹ ਚੁੰਨ੍ਹੀਆਂ ਅੱਖਾਂ ਵਾਲੇ ਉਚਾਈ ਤੋਂ ਅਤੇ ਆਪਣੇ ਦਫਤਰਾਂ ਦੇ ਹੇਠਾਂ ਗਲੀਆਂ ਦੀ ਗਰਮੀ ਤੋਂ ਅੱਖਾਂ ਚੁਰਾ ਰਹੇ ਹਨ। ਇਹ ਐਨ ਏਨੀ ਪ੍ਰਤੱਖ ਹੈ ਕਿ ਕੋਈ ਵੀ ਅਨੁਭਵੀ ਬੁੱਧੀਜੀਵੀ ਇਸ ਤੋਂ ਮੂੰਹ ਨਹੀਂ ਮੋੜ ਸਕਦਾ ਨਾ ਹੀ ਇਸ ਨਾਲ ਸਮਝੌਤਾ ਕਰ ਸਕਦਾ ਹੈ। ਇਉਂ ਜਾਪਦਾ ਹੈ ਕਿ ਕਾਇਦੇ ਆਜ਼ਮ ਦੇ ਸੁਪਨੇ ਨੂੰ ਇਕ-ਵੱਡ-ਭੁੱਖੀ ਘੱਟ ਗਿਣਤੀ ਨੇ ਨਿਘਾਰ ਲਿਆ ਹੈ ਤੇ ਹਮੇਸ਼ਾ ਆਪਣਾ ਰਾਜ ਕਾਇਮ ਰੱਖਣ ਦੀਆਂ ਵਿਧੀਆਂ ਤੇ ਤਰੀਕੇ ਢੂੰਡਦੀ ਰਹਿੰਦੀ ਹੈ। ਇਹ ਵਿਸ਼ਿਸ਼ਟ ਵਰਗ (ਵੱਧ ਤੋਂ ਵੱਧ ਕੀਮਤ ਦੇ ਤੇ ਵੱਧ ਤੋਂ ਵੱਧ ਗਿਣਤੀ 'ਚ) ਦੁਨਿਆਵੀ ਪਦਾਰਥ ਇਕੱਠੇ ਕਰਨ ਲਈ ਇਕ ਘਨਾਉਣੀ ਚੂਹੇ-ਦੌੜ 'ਚ ਲੱਗਾ ਹੋਇਆ ਹੈ।

"ਦੌਲਤ ਅਤੇ ਸੱਤਾ ਲਈ ਇਸ ਪਾਗਲ ਤੇ ਗਲ-ਵੱਢ ਮੁਕਾਬਲੇ 'ਚ ਇਸ ਵਿਸ਼ੇਸ਼ ਵਰਗ ਨੇ ਉਹਨਾਂ ਸਬੂਰੀ ਤੇ ਉੱਚ ਆਦਰਸ਼ਾਂ ਨੂੰ ਪੈਰਾਂ ਹੇਠ ਰੋਲਿਆ ਹੈ, ਜਿਹੜੇ ਰਲਕੇ ਇਕ ਕੌਮ ਨੂੰ ਜਨਮ ਦੇਂਦੇ ਹਨ। ਸਭ ਤਾਨਾਸ਼ਾਹੀ ਵਿਸ਼ੇਸ਼ ਵਰਗਾਂ ਦੀ ਤਰ੍ਹਾਂ ਇਸ ਵਰਗ ਨੇ ਸੱਤੇ ਤੇ ਸਹਿਯੋਗਦਾ ਨੂੰ ਬਚਾਉਣ ਲਈ ਸੋਚ ਨੂੰ ਫਾਂਸੀ ਚਾੜ੍ਹਿਆ ਹੈ। ਪਰਜਾਤੰਤਰ ਤੇ ਪਰਦਾ ਪਾਉਣ ਲਈ (ਕੇਵਲ ਇਸਲਾਮ ਵਿਚ ਹੀ ਨਹੀਂ) ਇਸ ਮੰਡਲੀ ਨੇ ਸਮਾਜਕ ਵਿਸ਼ਲੇਸ਼ਣ ਨੂੰ, ਘਾਏ ਪਿਛੋਂ ਦੀਆਂ ਤਕਨੀਕ ਰੂਪ ਦੀਆਂ ਗੈਰ-ਸੰਜੀਦਾ ਗੱਲਾਂ ਬਾਤਾਂ ਵਿਚ ਰੋਲ੍ਹ ਦਿੱਤਾ ਹੈ। ਅਸਲੀਅਤ ਨੂੰ ਕਿਸੇ ਕੀਮਤ ਤੇ ਵੀ ਲਿਖਤੀ ਰੂਪ 'ਚ ਪ੍ਰਗਟ ਨਹੀਂ ਹੋਣ ਦਿੱਤਾ ਜਾਂਦਾ। ਬਸਤੀਵਾਦੀ ਵਰਗ ਦੇ ਗਾਲ੍ਹੀ ਟਾਈ ਵਾਲੇ ਤਕਨੀਕ ਰੂਪ ਤੋਂ ਪਰ੍ਹੇ ਕੋਈ ਵੀ ਸੋਚ ਨਹੀਂ। ਜਿਸ ਦੀ ਹਾਕਮ ਮੰਡਲੀ ਨੂੰ ਗੱਲੋਂ ਫੜਕੇ ਹਲਾਇਆ ਤੇ ਕੈਂਪਾਂ ਵਾਲੇ ਸ਼ਹਿਰ ਦੀਆਂ ਗਰਮ ਸੜਕਾਂ ਤੇ ਰੋਲਿਆ ਤਾਂ ਇਸ ਇਸਲਾਮੀ ਗਣ-ਤੰਤਰ ਦੇ ਹਰ ਸ਼ਹਿਰ ਦੇ ਕੇਂਦਰ ਮੱਲਿਆਂ ਦਾ ਰਾਤ ਦਾ ਜੀਵਨ ਵਿਖਾਇਆ ਉਹ ਹੀ ਅਸਲੀਅਤ ਗੁਪਤ ਕਾਨੂੰਨ ਕਰਾਰ ਕਰ ਦਿੱਤਾ।

"ਕਿਉਂਕਿ ਇਹ ਘੱਟ-ਗਿਣਤੀ ਮੰਡਲੀ ਆਪ ਬਹੁਤ ਕਮਜ਼ੋਰ ਅਤੇ ਨਾ-ਲਾਇਕ ਹੋਣ ਕਾਰਨ ਉੱਪਰ ਦੱਸਿਆ ਜ਼ੁਲਮ ਭਰਿਆ ਦੁਰਾਚਾਰੀ ਆਰਥਿਕ ਢਾਂਚਾ ਕਾਇਮ ਨਹੀਂ ਰੱਖ ਸਕਦੀ ਇਸ ਲਈ ਇਹ ਬਦੇਸ਼ੀ ਸਰਪ੍ਰਸਤ ਹਾਕਮ ਟੋਲਦੀ ਹੈ ਜੋ ਇਸ ਨੂੰ ਹਰ ਤਰ੍ਹਾਂ ਦੇ ਜ਼ੁਲਮ ਅਤੇ ਜਾਸੂਸੀ ਕਰਨ ਦੇ ਹਥਿਆਰ ਦੇਂਦੇ ਹਨ। ਇਸ ਦੇ ਬਦਲੇ 'ਚ ਇਹ ਘੱਟ-ਗਿਣਤੀ ਵਿਸ਼ੇਸ਼ ਵਰਗ ਪਾਕਿਸਤਾਨ ਦੇ ਆਰਥਕ ਤੇ ਜੁਗਰਾਫੀ ਲਾਭਾਂ ਨੂੰ ਵੇਚਦਾ ਹੈ। ਇਉਂ ਇਸਦੀਆਂ ਪਾਲਸੀਆਂ ਤੇ ਉਦੇਸ਼ ਪਾਕਿਸਤਾਨ ਵਿਰੋਧੀ ਹਨ। 1971 'ਚ ਪਾਕਿਸਤਾਨ ਦੇ ਇਸ ਲਈ ਟੁਕੜੇ ਹੋਏ ਕਿਉਂਕਿ ਇਸ ਦੀ ਅਬਾਦੀ ਦੇ ਇਕ ਵੱਡੇ ਹਿੱਸੇ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਘੱਟ-ਗਿਣਤੀ ਵਿਸ਼ੇਸ਼ ਵਰਗ ਇਸਤੇ ਜ਼ੁਲਮ ਢਾਹ ਰਿਹਾ ਹੈ।

ਇਸਦੀਆਂ ਪਾਲਸੀਆਂ ਸਦਕਾ ਪਾਕਿਸਤਾਨ ਦੀ ਵਸੋਂ ਦਾ ਵੱਡਾ ਹਿੱਸਾ ਉਸ ਅਜ਼ਾਦੀ ਤੋਂ ਵਾਂਝਾ ਰਹਿ ਗਿਆ ਜਿਹੜੀ 1947 'ਚ ਪਾਕਿਸਤਾਨ ਨੂੰ ਮਿਲੀ ਸੀ। ਕਿਉਂਕਿ ਘੱਟ ਗਿਣਤੀ ਵਿਸ਼ੇਸ਼ ਵਰਗ ਨੇ 1971 'ਚ ਪਾਕਿਸਤਾਨ ਦੇ ਟੋਟੇ ਟੋਟੇ ਹੋਣ ਤੋਂ ਕੋਈ ਸਬਕ ਨਹੀਂ ਸਿੱਖਿਆ। ਇਸ ਲਈ ਕਹਿਣਾ ਠੀਕ ਹੈ ਕਿ ਇਹ ਆਪਣੇ ਆਰਥਕ ਸਮਾਜਕ ਜਮਹੂਰੀਅਤ ਤੇ ਸਭਿਆਚਾਰਕ ਲਾਭਾਂ ਨੂੰ ਪਾਕਿਸਤਾਨ ਦੇ ਲਾਭਾਂ ਨਾਲੋਂ ਪਹਿਲ ਦੇਂਦਾ ਹੈ। ਆਪਣੇ ਸੀਮਿਤ ਲਾਭਾਂ ਨੂੰ ਤਿਆਗਣ ਦੀ ਬਜਾਏ ਇਹ ਪਾਕਿਸਤਾਨ ਨੂੰ ਕੁਰਬਾਨ ਕਰਨਾ ਚਾਹੁੰਦੇ। ਕੱਲ੍ਹ ਇਹ ਬੰਗਾਲੀ ਬੋਲੀ ਤੇ ਸਭਿਅਤਾ ਦੀ ਉੱਨਤੀ ਦੇ ਵਿਰੋਧੀ ਸਨ ਅੱਜ ਬਲੋਚੀਆਂ, ਪਠਾਣਾਂ, ਸਿੰਧੀਆਂ ਤੇ ਪੰਜਾਬੀਆਂ ਦੀ ਬੋਲੀ ਤੇ ਸਭਿਅਤਾ ਦੀ ਉੱਨਤੀ ਦੇ ਵੈਰੀ ਹਨ। ਪਾਕਿਸਤਾਨੀ ਮਨੁੱਖ ਦੀ ਉੱਨਤੀ ਤੇ ਵਿਕਾਸ ਤੋਂ ਇਹਨਾਂ ਨੂੰ ਭੈ ਆਉਂਦਾ ਹੈ। ਅਜਿਹੀ ਕਰਤਾ ਵਾਲੀ, ਲੇਖਕਾਂ, ਕਵੀਆਂ, ਬੁੱਧੀਜੀਵੀਆਂ ਤੇ ਵਿਦਿਆਰਥੀਆਂ ਦੀ ਪੀੜ੍ਹੀ ਨੇ ਇਸ ਭੈੜੇ ਪੱਥਰ ਨੂੰ ਰੱਦ ਕੀਤਾ ਹੈ..... ਇਸ ਕੇਵਲ ਸ਼ਹਿਰਾਂ ਦੀਆਂ ਕੰਧਾਂ ਬਾਰੇ ਹੀ ਨਹੀਂ ਲਿਖਿਆ। ਨਾ ਹੀ ਨਦੀਆਂ ਬੇ-ਅਵਾਜ਼ ਜਾਂਦਾਂ

ਅਫ਼ਜ਼ਲ ਤੌਸੀਫ਼ ਤੀਜਾਈ ਤੇ ਵਲੈਂਵ ਲਾਉਂਦਾ ਹੈ, ਅਜ ਦੇ ਪਸ਼ੌਰੇ ਲੇਖਕ ਅਤੀਤ ਦੇ ਗਰਿਮਾਨ ਸ਼ਾਨਾ ਅਤੇ ਖੁਸ਼ਹਾਲ ਪਾਕ ਪੱਟਕ ਹਨ ਤੇ ਕਮ ਵੁਆਰ ਅਜ ਦੀ ਸਮਕਾਲੀ ਬਲੇਂਦੀ ਕਵੀਆਂ ਤੇ ਲਿਖਾਰੀਆਂ ਦੀਆਂ ਲਿਖਤਾਂ ਵਿਚ ਮਿਲਦਾ ਹੈ।

"ਅਜੋਕੇ ਇਹ ਲਿਖਾਰੀ ਹੀ ਜਨ-ਸਮੂਹ ਨਾਲ ਸੰਬੰਧ ਪੈਦਾ ਕਰਨ ਦਾ ਇਕੋ ਇਕ ਸੱਚਾ ਸਾਧਨ ਹੈ ਤੇ ਇਸ ਲਈ ਕੌਮੀ ਇਕਾਈ ਨੂੰ ਸਾਲਮ ਰਖਣ ਲਈ ਅਸਲੀ ਤੇ ਸੱਚੀਆਂ ਲੀਹਾਂ ਹਨ। ਇਨ੍ਹਾਂ ਨੂੰ ਕੁਚਲਣਾ ਪਾਕਿਸਤਾਨ ਦੇ ਕੇਂਦਰੀ ਢਾਂਚੇ ਨੂੰ ਖਤਰੇ 'ਚ ਪਾਉਂਦਾ ਹੈ। ਨਾਗਰਿਕ ਦੇ ਅਸਲੀ ਅਧਿਕਾਰਾਂ ਨੂੰ ਕੁਚਲਣ ਦਾ ਸਿੱਟਾ ਇਹ ਹੁੰਦਾ ਹੈ ਕਿ ਪੰਜਾਬ ਤੋਂ ਮਕਰਾਨ ਦੇ ਤੱਟ ਲਾਗੇ ਤਕ—ਦੇਸ਼ ਦੇ ਇਕ ਸਿਰੇ ਤੋਂ ਦੂਜੇ ਤੱਕ ਨਾਗਰਿਕ ਦਾ ਮੋਹ ਸਮੁੱਚੇ ਢਾਂਚੇ ਨਾਲੋਂ ਟੁੱਟ ਜਾਂਦਾ ਹੈ। ਪਾਕਿਸਤਾਨ ਨੂੰ ਅਸਲੀ ਖਤਰਾ ਇਸ ਪੁੱਠੀ ਆਤਮਿਕਤਾ ਤੋਂ ਹੈ"

ਪੰਜਾਬੀ ਕਵੀਆਂ, ਲਿਖਾਰੀਆਂ ਤੇ ਚਿੰਤਕਾਂ ਦੀ ਅਜੋਕੀ ਪੀੜ੍ਹੀ ਨੇ ਪੰਜਾਬੀ ਚਰਿੱਤਰ ਦੇ ਇਤਿਹਾਸ ਦੀ ਨਵੀਂ ਵਿਆਖਿਆ ਕੀਤੀ ਹੈ। ਕਵਿਤਾ ਤੇ ਨਾਵਲ, ਨਾਟਕ ਅਤੇ ਦੂਜੇ ਕਲਾ ਰੂਪਾਂ 'ਚ ਇਕ ਨਵੀਂ ਧਾਰਾ ਸਾਹਮਣੇ ਆਈ ਹੈ ਤੇ ਪੰਜਾਬ 'ਚ ਪ੍ਰਬਲ ਜਾਗ੍ਰਿਤੀ ਦਾ ਰੂਪ ਧਾਰ ਰਹੀ ਹੈ। ਨੌਜਵਾਨ ਪੰਜਾਬੀ ਕਵੀ ਤੇ ਲਿਖਾਰੀ ਆਪਣੀਆਂ ਸਨਾਤਨੀ ਲਿਖਤਾਂ ਦੀ ਨਵੇਂ ਸਿਰੇ ਵਿਆਖਿਆ ਕਰ ਰਹੇ ਅਤੇ ਪੰਜਾਬ ਦੇ ਸੂਫ਼ੀ ਕਵੀਆਂ ਦੀ ਕਵਿਤਾ ਦੇ ਸੁਨੇਹੇ ਨੂੰ ਮੁੜ ਸੂਤਰਬੱਧ ਕਰ ਰਹੇ ਹਨ। ਇਸ ਨੂੰ ਅਧਿਆਤਮ ਤੇ ਨਿਰਾਸ਼ਾ ਦੀ ਕਵਿਤਾ ਨਹੀਂ ਸਮਝਦੇ ਸਗੋਂ ਜ਼ਾਲਮ ਤੇ ਬੇ-ਇਨਸਾਫ਼ ਹਾਕਮ-ਸ਼ਾਹੀ ਦੇ ਵਿਰੋਧ ਦੀ ਕਵਿਤਾ ਸਮਝਦੇ ਹਨ। ਇਹ ਇਕ ਸ਼ਾਨਦਾਰ ਧਾਰਾ ਹੈ ਜੋ ਸ਼ਾਇਦ ਅਜੇ ਨਵੀਂ ਹੈ। ਇਸ ਰਾਹੀਂ ਪੰਜਾਬੀ ਨੂੰ ਦੂਜੀਆਂ ਦੀਆਂ ਵੱਡੀਆਂ ਸਮਕਾਲੀ ਬੋਲੀਆਂ ਦੇ ਬਰਾਬਰ ਦਰਜਾ ਮਿਲਣ ਦੀ ਸੰਭਾਵਨਾ ਹੈ। ਇਕ ਕੌਮੀ ਹਸਤੀ ਦਾ ਨਿਆਂ-ਪੂਰਵਕ ਆਧਾਰ ਲੱਭਣ ਦਾ ਇਕ ਕਦਮ ਹੈ। ਇਹ ਲਹਿਰ ਕੌਮ ਧਰੋਹੀ ਨਹੀਂ। ਅਸਲ ਵਿਚ ਇਹ ਇਕ ਨਿਆਂ ਪੂਰਨ ਤੇ ਸਰਬ ਵਿਆਪਕ ਕੌਮੀ ਸੰਗਠਨ ਜੋ ਸਹਿਣਸ਼ੀਲਤਾ ਤੇ ਏਕਤਾ ਤੇ ਆਧਾਰਤ ਹੋਵੇ, ਲਈ ਆਧਾਰ ਬਣ ਸਕਦੀ ਹੈ।

ਅਸਲੀਅਤ ਇਹ ਹੈ ਕਿ ਜੇ ਲੇਖਕ ਦੀਆਂ ਲਿਖਤਾਂ ਲਈ ਉੱਤਰਦਾਇਕ ਵਜੋਂ ਪਰਤੇ ਗਏ ਮਾਪ ਤੇ ਮਿਆਰ ਸਹੀ ਵੀ ਮੰਨ ਲਏ ਜਾਣ (ਜਿਹੜੇ ਕਿ ਮੰਨੇ ਨਹੀਂ ਗਏ) ਤਾਂ ਵੀ ਅਸਲੀ ਕਾਮੁਕ ਤੇ ਬੇਹੱਦ ਅਸ਼ਲੀਲ ਰਚਨਾਵਾਂ ਦੀਆਂ ਬੇਹੱਦ ਉਦਾਹਰਣਾਂ ਉਹਨਾਂ ਲੇਖਕਾਂ ਦੀਆਂ ਲਿਖਤਾਂ ਚੋਂ ਮਿਲ ਸਕਦੀਆਂ ਹਨ ਜਿਹਨਾਂ ਨੂੰ ਕੇਵਲ ਇਸ ਲਈ ਸਨਮਾਨ ਕੀਤਾ ਜਾਂਦਾ ਹੈ ਕਿਉਂਕਿ ਉਹਨਾਂ ਦਾ ਉਦੇਸ਼ ਸੂਬਾਈ ਬੋਲੀਆਂ ਵਿਚ ਲਿਖਣਾ ਨਹੀਂ। ਅਰਕੀ ਦੇਣ ਵਾਲਾ - ਇਹਨਾਂ ਲਿਖਤਾਂ ਦੀ ਵਿਸਥਾਰਤ ਆਲੋਚਨਾ 'ਚ ਨਹੀਂ ਪੈਣਾ ਚਾਹੁੰਦਾ ਤੇ ਸੰਖੇਪਤਾ ਕਾਰਨ ਅਜਿਹੀਆਂ ਅਨੇਕਾਂ ਪੁਸਤਕਾਂ ਦੀ ਸੂਚੀ ਨੱਥੀ ਕਰ ਰਿਹਾ ਹੈ ਜਿਹੜੀਆਂ ਵੱਖਰੇ ਮਿਆਰਾਂ ਅਨੁਸਾਰ ਮਲੀਨ ਅਸ਼ਲੀਲ ਹਨ ਪਰ ਉੱਤਰਦਾਇਕ ਇਹਨਾਂ ਤੇ ਬੰਦਸ਼ ਨਹੀਂ ਲਾਈ। ਏਥੇ ਲੇਖਕ ਨੇ ਬਹਿਸ਼ਤੀ ਜ਼ੇਵਰ, ਕਹਿਰ-ਏ-ਖੁਦਾ-ਵੰਦ, ਬਹਾਰ-ਏ-ਸ਼ਰੀਅਤ, ਮੌਤ ਦਾ ਮਨਜ਼ਰ, ਮਿਰਤਾਰ-ਉਲ ਆਲਮ, ਦੀਵਾਨ-ਇ-ਜੁੱਰਤ, ਗੁਲਸਤਾਨ-ਇ-ਸਾਰਵੀ, ਮਸਨੱਵੀ-ਇ-ਬਾਗ-ਉ-ਬਹਾਰ ਵਰਗੀਆਂ ਪ੍ਰਸਿੱਧ ਰਚਨਾਵਾਂ ਨੂੰ ਸੂਚੀ ਬੱਧ ਕੀਤਾ ਹੈ।

ਅਸ਼ਲੀਲਤਾ ਦੇ ਦੋਸ਼ ਦੇ ਜਵਾਬ ਵਿਚ ਲੇਖਕ ਨੇ ਬੇਨਤੀ ਕੀਤੀ ਹੈ ਕਿ ਸਮੁੱਚੀ ਰਚਨਾ ਨੂੰ ਧਿਆਨ 'ਚ ਰੱਖਿਆ ਜਾਵੇ। ਕਿਸੇ ਪ੍ਰਸੰਗ ਦੇ ਟੋਟਿਆਂ ਨੂੰ ਅਸ਼ਲੀਲ ਕਰਾਰ ਨਹੀਂ ਦਿੱਤਾ ਜਾ ਸਕਦਾ। ਮੰਟੋ, ਇਸਮਤ, ਡੀ. ਐਚ. ਲਾਰੰਸ, ਜੇਮਜ਼ ਜਾਇਸ ਆਦਿ ਤੇ ਅਸ਼ਲੀਲ ਹੋਣ ਦਾ ਦੋਸ਼ ਥੋਪਿਆ ਗਿਆ ਪਰ ਉਹਨਾਂ ਦੀਆਂ ਬਹੁਤ ਸਾਰੀਆਂ ਸੰਬੰਧਿਤ ਲਿਖਤਾਂ ਦੀਆਂ ਫ਼ਿਲਮਾਂ ਬਣੀਆਂ ਜੋ ਪਾਕਿਸਤਾਨ 'ਚ ਟੀ. ਵੀ. ਤੇ ਵਿਖਾਈਆਂ ਗਈਆਂ। ਜਾਇਸ ਅਤੇ ਲਾਰੰਸ ਦੇ ਮੁਕੱਦਮਿਆਂ ਦੇ ਸਬੰਧ 'ਚ ਅਮਰੀਕਾ ਦੀਆਂ ਉੱਚ ਅਦਾਲਤਾਂ ਨੇ ਫ਼ੈਸਲਾ ਕੀਤਾ ਕਿ ਸਮੁੱਚੀ ਰਚਨਾ ਨੂੰ ਘੋਖਿਆ ਜਾਵੇ ਅਤੇ ਇਸ ਦੇ ਪ੍ਰਭਾਵਸ਼ਾਲੀ ਅਸਰ ਨੂੰ ਧਿਆਨ 'ਚ ਰੱਖਿਆ ਜਾਵੇ। ਇਹਨਾਂ ਅਦਾਲਤਾਂ ਇਹ ਵੀ ਕਿਹਾ ਕਿ ਅਸ਼ਲੀਲਤਾ ਨੂੰ ਮਾਪਣ ਦੇ ਮਿਆਰ ਅਜਿਹੇ ਹੋਣ ਜੋ ਉਹਨਾਂ ਲਿਖਤਾਂ ਦੀ ਬੋਲਣ ਅਤੇ ਪ੍ਰੈਸ ਦੀ ਅਜ਼ਾਦੀ ਬਰਕਰਾਰ ਰੱਖਣ, ਜੋ ਸਾਰੀਆਂ ਰੁਚੀਆਂ ਨੂੰ ਪ੍ਰਭਾਵਿਤ ਨਹੀਂ ਕਰਦੀਆਂ। ਪੁਸ਼ਟੀ ਲਈ ਲੇਖਕ ਨੇ ਯੂਲੀਸਿਸ ਕੇਸ ਸਬੰਧੀ ਜੱਜ ਵੂਲਜ਼ੇ ਦੇ ਪ੍ਰਸਿੱਧ ਫ਼ੈਸਲੇ 'ਚੋਂ ਉਦਾਹਰਣ ਦਿੱਤੀ ਹੈ।

ਇਸ ਪਿਛੋਂ ਦਰਖ਼ਾਸਤ ਕਰਨ ਵਾਲੇ ਨੇ ਉਹਨਾਂ ਟੋਟਿਆਂ ਦਾ

ਤੇ ਉਹਨਾਂ ਦੇ ਮਾਲਕਾਂ ਦੀਆਂ ਕੀਮਤੀ ਰੇਸ਼ਮੀ (ਸਮਗਲਿੰਗ ਰਾਹੀਂ ਪ੍ਰਾਪਤ ਕੀਤੀਆਂ) ਸਾੜ੍ਹੀਆਂ ਦੀ ਗੱਲ ਕੀਤੀ ਹੈ.... ਇਸ ਦੀ ਪੀੜ੍ਹੀ ਨੇ ਇਹਨਾਂ ਖੁੱਲੇ ਬੰਗਲਿਆਂ ਦੇ ਵਿਹੜਿਆਂ 'ਚ ਛੱਪਰਾਂ 'ਚ ਵੱਸਦੇ ਪਹਾੜੂ ਨੌਕਰਾਂ ਬਾਰੇ ਲਿਖਿਆ ਹੈ ਅਤੇ ਉਹਨਾਂ ਤੰਗ ਅਤੇ ਗੰਦੀਆਂ ਗਲੀਆਂ ਬਾਰੇ ਲਿਖਿਆ ਹੈ ਜੋ ਉਹਨਾਂ ਹਨੇਰੇ ਕਮਰਿਆਂ ਨੂੰ ਜਾਂਦੀਆਂ ਹਨ, ਜਿਥੇ ਇਹ ਵਿਸ਼ਿਸ਼ਟ ਵਰਗ ਗੁਮਨਾਮੀ ਵਿਚ ਆਪਣੀ ਕਾਮ ਪੂਰਤੀ ਕਰਨ ਆਉਂਦਾ ਹੈ।

ਇਕ ਵਿਸ਼ਿਸ਼ਟ ਵਰਗ ਦੇ ਵਧਾਏ ਇਸ ਸਮਾਜ ਦੇ ਛੁੱਟੜ ਤੇ ਦੁਰਕਾਰੇ ਹੋਏ ਬੱਚਿਆਂ ਦੇ ਦੁੱਖਾਂ ਤੇ ਮੁਸੀਬਤਾਂ ਵੱਲ ਅਗਲੀ ਕਤਾਰ ਦੀ ਪੀੜ੍ਹੀ ਦੇ ਲੇਖਕਾਂ ਜੋ ਧਿਆਨ ਦੁਆਇਆ ਹੈ ਉਸਦਾ ਉਦੇਸ਼ ਪਾਠਕਾਂ ਦੀਆਂ ਕਾਮੀਆਂ ਪ੍ਰਵਿਰਤੀਆਂ ਨੂੰ ਪੱਠੇ ਪਾਉਣਾ ਨਹੀਂ। ਇਹ ਕੇਵਲ ਗੰਦਗੀ ਤੇ ਫੈਸ਼ਨ-ਵੱਸ਼ ਨਹੀਂ ਭਾਵੇਂ ਕਿ ਅਕਸਰ ਉਹ ਉਦੇਸ਼ ਵਰਗ ਜੋ ਧੀਰਜ ਨਾਲ ਅਸਲੀਅਤ ਦਾ ਮੂੰਹ ਨਹੀਂ ਤੱਕ ਸਕਦਾ ਇਸਦੇ ਗੰਦਗੀ ਦਾ ਲੇਬਲ ਲਾਉਂਦਾ ਹੈ। ਇਹ ਨਵੀਂ ਇਖਲਾਕੀ ਕਦਰਾਂ ਨੂੰ ਸਹੀ ਦ੍ਰਿਸ਼ਟੀਕੋਣ ਤੋਂ ਤੱਕਣ ਦਾ ਯਤਨ ਹੈ, ਦੂਜੇ ਇਖਲਾਕੀ ਮਾਪਾਂ ਦੇ ਭੁਲੇਖੇ ਦੀ ਅਸਲੀਅਤ ਨੂੰ ਨੰਗਿਆਂ ਕਰਨ ਦਾ ਯਤਨ ਹੈ.....

ਲੇਖਕ ਇਸ ਗੱਲ ਤੋਂ ਚੇਤੰਨ ਹੈ ਕਿ ਅਸਲੀਅਤ ਨੂੰ ਨੰਗਿਆਂ ਕਰਨਾ ਆਪਣੇ ਆਪ ਨੂੰ ਭਾਰੀ ਖਤਰੇ 'ਚ ਪਾਉਣਾ ਹੈ। ਇਹ ਗੱਲ ਉਸਨੂੰ ਸੁਕਰਾਤ ਤੇ ਗੈਲਿਲੀਓ ਦੀ ਯਾਦ ਦਵਾਉਂਦੀ ਹੈ। ਜਿਨ੍ਹਾਂ ਨੂੰ ਕੱਟੜ-ਪੰਥੀਆਂ ਨੇ ਤਸੀਹੇ ਦਿੱਤੇ। ਤੇ ਉਹਨਾਂ ਨੂੰ ਤਸੀਹੇ ਇਸ ਲਈ ਦਿਤੇ ਗਏ ਕਿਉਂਕਿ ਉਹਨਾਂ ਦੇ ਜਿੱਘਰ ਹਰ ਸਮਾਜ ਯਥਾਰਥ ਜਿਰਨਾ ਕਰਨ ਤੋਂ ਅਸਮਰਥ ਸਨ। "ਦੇਸ਼ਾਂ ਲਈ ਪਦਾਰਥਕ ਆਧਾਰ ਲੱਭਣ ਦੀ ਲੋੜ ਅਜਿਹੇ ਦੇਸ਼ ਹੋਰ ਵੀ ਜ਼ਰੂਰੀ ਹੈ। ਜਦ ਵੀ ਇਸ ਸੱਚੇ ਸਾਧ ਨੂੰ ਤਿਆਗਿਆ ਜਾਂਦਾ ਹੈ ਸਮਾਜ ਦੀ ਉਨਤੀ ਅਤੇ ਇਸਦੇ ਵੱਖ ਵੱਖ ਭਾਗਾਂ ਦੀ ਅੰਤਰੀਵ ਸਹਿਹੋਂਦ ਦੀ ਇੱਛਾ ਖੇਰੂੰ ਖੇਰੂੰ ਹੋ ਜਾਂਦੀ ਹੈ।" ਫਖਰ ਜ਼ਮਾਨ ਨੇ ਬਹੁਤ ਸਾਰੇ ਲੇਖਕਾਂ ਦੀਆਂ ਉਦਾਹਰਣਾਂ ਦੇਂਦਿਆਂ ਦੱਸਿਆ ਹੈ ਕਿ ਕਿਵੇਂ ਧਰਮ ਦੇ ਨਾਂ ਹੇਠ ਸਪੇਨ 'ਚ ਵਿਰੋਧੀਆਂ ਤੇ ਜ਼ੁਲਮ ਢਾਏ ਗਏ। ਮੁੱਕਦਮਾ ਚਲਾਉਣ ਵਾਲਿਆਂ ਦਾ ਵਿਚਾਰ ਸੀ ਕਿ ਧਰਮ ਨੂੰ ਸਾਇੰਸ ਤੇ ਸਾਹਿਤ ਤੋਂ ਖਤਰਾ ਹੈ ਇਸ ਲਈ ਦੋਹਾਂ ਨੂੰ ਹੀ ਬੇਰਹਿਮੀ ਨਾਲ ਨਸ਼ਟ ਕੀਤਾ ਗਿਆ। ਜਿਵੇਂ ਕਿ ਲਾਰਡ ਐਕਟਨ ਦਾ ਕਥਨ ਹੈ "ਵਿਰੋਧੀਆਂ ਤੇ ਮੁੱਕਦਮੇ ਨੇ ਸਪੇਨ ਵਿਚ ਧਰਮ ਤੇ ਸਰਕਾਰ ਨੂੰ ਤਬਾਹ ਕਰਨ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਇਸ ਨਾਲ ਬੌਧਿਕ ਸਥਿਰਤਾ ਆਈ ਤੇ ਰਾਜਸੀ ਜ਼ੁਲਮ ਵਧਿਆ।

ਅਗਲੀ 'ਚ ਕਿਹਾ ਗਿਆ ਹੈ ਕਿ ਅਜਿਹੇ ਸਮੇਂ ਤਰਕਸ਼ੀਲ ਵਿਗਿਆਨੀ ਸੋਚ ਦੇ ਦਰ ਬੰਦ ਕੀਤੇ ਜਾਂਦੇ ਹਨ, ਸਮਾਜ ਤੇ ਕੌਮ ਦੀ ਉਨੱਤੀ ਰੋਕੀ ਜਾਂਦੀ ਹੈ, ਪਿਛਾਕੜ ਆਦਰਸ਼ ਉਨੱਤੀ ਨੂੰ ਗਲੇ ਗੀਣਾ ਦੱਸਦਾ ਹੈ, ਮੁਤੱਸਬ ਤੇ ਜ਼ੁਲਮ ਢਾਏ ਜਾਂਦੇ ਮਜ਼ਦੂਰ ਨੂੰ ਫਾਂਸੀ ਲਾਇਆ ਜਾਂਦਾ ਹੈ। ਸਰਮੱਦ ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ। ਅਜੇਹਾ ਸ਼ਬਦ ਮਕਾਰਥੀਵਾਦ ਅਜਿਹੀ ਸਥਿਤੀ ਲਈ ਬਣਾਇਆ ਗਿਆ ਹੈ। ਜਦ ਉਹ ਆਦਮੀ ਜੋ ਵਿਸ਼ਿਸ਼ਟ ਵਰਗ ਦੇ ਮੂੰਹ ਤੋਂ ਪਰਦਾ ਚਾਕ ਕਰਦਾ ਹੈ, ਇਸ ਪ੍ਰਬੰਧ ਵਿਚਲੇ ਮਨੁੱਖੀ ਦੁਖਾਂਤ ਦੀਆਂ ਹਨੇਰੀਆਂ ਖੂਹਾਂ ਤੇ ਚਾਨਣ ਸੁੱਟਦੈ, ਜੋ ਬੇਸਹਾਰਾ ਨੰਗੀ ਤਰੀਮਤ ਦੀ ਪੀੜਾਂ ਦਾ ਧਿਆਨ ਕਰਦਾ। ਕਾਮ ਪ੍ਰਵਿਰਤੀਆਂ ਦੀ ਪੂਰਤੀ ਲਈ ਨਹੀਂ ਸਗੋਂ ਉਸਦੇ ਅਹਿੱਤ ਤੇ ਅਧੀਰਜ ਦੁਖਾਂਤ ਨੂੰ ਇਕ ਦਇਆ ਹੀਣ ਤੇ ਜ਼ਾਲਮ ਦੁਨੀਆਂ ਦਾ ਕੇਂਦਰੀ ਧੁਰਾ ਦਰਸਾਉਣ ਲਈ, ਜੋ ਕੇਵਲ ਉਸ ਬੋਲੀ 'ਚ ਲਿਖਦਾ ਜਿਸ ਰਾਹੀਂ ਉਸਦੇ ਕਰੋੜਾਂ ਦੇਸ਼ ਵਾਸੀਆਂ ਨਾਲ ਕੋਈ ਅਰਥ ਭਰਪੂਰ ਸੰਚਾਰ ਸੰਭਵ ਹੈ (ਰਾਡਰੀਗੋ ਮਾਨਰਿਕ ਦੇ ਸ਼ਬਦਾਂ ਵਿਚ) ਉਸ ਉੱਪਰ ਗਲਤ, ਅਸ਼ਲੀਲ ਤੇ ਕਾਫਰ" ਹੋਣ ਦਾ ਦੋਸ਼ ਲਾਇਆ ਜਾਂਦਾ ਹੈ।

ਇਸ ਪਿੱਛੋਂ ਪਟੀਸ਼ਨ 'ਚ ਦੇਸ਼ ਵਿਚ ਜਾਰੀ ਹੋ ਰਹੇ ਸਭਿਆਚਾਰਕ ਵਾਤਾਵਰਣ ਦੇ ਪ੍ਰਮੁੱਖ ਸਵਾਲ ਵੱਲ ਧਿਆਨ ਦਵਾਇਆ ਗਿਆ ਹੈ। ਦੂਜੇ ਬੌਧਿਕ ਮਸਲਿਆਂ ਦੀ ਦੁਖਦਾਈ ਗੱਲ ਇਹ ਹੈ ਕਿ ਪਸ਼ਤੋ, ਬਲੋਚੀ, ਸਿੰਧੀ ਤੇ ਪੰਜਾਬੀ ਬੋਲੀਆਂ ਦੀਆਂ ਮੌਲਿਕ ਲਿਖਤਾਂ ਦਾ ਸ਼ਾਹਕੁੱਝ ਕੇ ਸਮਰਥਨ ਨਹੀਂ ਕੀਤਾ ਜਾਂਦਾ। ਅਸਲ ਵਿਚ ਅਜਿਹੇ ਲੇਖਕਾਂ ਤੇ ਦੇਸ਼ ਧਰੋਹੀ ਹੋਣ ਦਾ ਲੇਬਲ ਲਾਇਆ ਜਾਂਦਾ ਹੈ ਤੇ ਉਹਨਾਂ ਦੀਆਂ ਪੁਸਤਕਾਂ ਜ਼ਬਤ ਕੀਤੀਆਂ ਜਾਂਦੀਆਂ ਹਨ। ਪਰ ਅਸਲ ਵਿਚ ਇਹ ਹੀ ਨੌਜਵਾਨ ਤੇ ਬਜ਼ੁਰਗ ਲੇਖਕ ਹਨ ਜਿਹੜੇ ਦੇਸ਼ ਦੀ ਬਹੁਤੀ ਵਸੋਂ ਨਾਲ ਸਿੱਧਾ ਸੰਚਾਰ ਪੈਦਾ ਕਰ ਸਕਦੇ ਹਨ। ਅਜੋਕੇ ਪੰਜਾਬੀ ਲੇਖਕ ਨੂੰ ਦੋਸ਼ੀ ਠਹਿਰਾਉਣਾ ਅਤੀਤ ਦੇ ਬੁੱਲੇ ਸ਼ਾਹ 'ਤੇ ਵਾਰਸ ਸ਼ਾਹ ਨੂੰ ਦੋਸ਼ੀ ਠਹਿਰਾਉਣਾ ਹੈ। ਅਜੋਕੇ ਸਿੰਧੀ ਕਵੀ 'ਤੇ ਕਲੰਕ ਲਾਉਣਾ ਅਤੀਤ ਦੇ ਸ਼ਾਹ

ਤਰੀਅਣ ਕੀਤਾ ਹੈ ਜਿਨ੍ਹਾਂ ਉੱਪਰ ਇਤਰਾਜ਼ ਕੀਤਾ ਗਿਆ ਹੈ ਤੇ ਕਿਹਾ ਹੈ ਕਿ ਇਹਨਾਂ ਦਾ ਪ੍ਰਭਾਵ ਜੋ ਸਰਕਾਰ ਲੋਚੀ ਬੈਠੀ ਹੈ ਉਸਦੇ ਬਿਲਕੁਲ ਉਲਟ ਹੈ। ਉਸਦਾ ਕਥਨ ਹੈ ਕਿ ਇਹਨਾਂ 'ਚੋਂ ਬਹੁਤ ਸਾਰੇ ਪਹਿਲੇ ਪੰਜ ਵਰ੍ਹਿਆਂ ਤਸਾਲੇ ਦੇ ਫਖ਼ਰ ਨਸਾਨ ਅੰਕ 'ਚ 1976 'ਚ ਛਾਪੇ ਗਏ ਸਨ ਜਿਹੜਾ ਕਿ ਡਾਕਟਰ ਹੱਸਨ ਕੁਰੈਸ਼ੀ ਦੇ ਉਰਦੂ ਡਾਈਜੈਸਟ ਪੰਜਾਬ ਲਾਹੌਰ 'ਤੋਂ ਛਾਪਿਆ ਸੀ। ਇਸ ਦੀ ਪ੍ਰਕਾਸ਼ਨਾ ਤਾਂ ਛਾਪਣ ਤੇ ਕੋਈ ਇਤਰਾਜ਼ ਨਹੀਂ ਕੀਤਾ ਗਿਆ ਸੀ।

ਆਪਣੇ ਕੇਸ ਨੂੰ ਲੱਭਾ ਇੱਥ ਕਰਨ ਲਈ ਲੇਖਕ ਨੇ ਆਪਣੀਆਂ ਪੁਸਤਕਾਂ ਸਬੰਧੀ ਕੁੱਝ ਲੇਖਕਾਂ ਤੇ ਆਲੋਚਕਾਂ ਦੇ ਵਿਚਾਰਾਂ ਦੀਆਂ ਉਦਾਹਰਣਾਂ ਦਿੱਤੀਆਂ ਹਨ ਜਿਨ੍ਹਾਂ ਵਿਚ ਮਲਕ ਐਮ, ਨਸੁਰੱਦ, ਸੁਲੀਰ ਜਿਆਨੀ, ਅਜ਼ੀਜ਼ ਸੁਗਲ, ਫੈਜ਼ ਅਹਿਮਦ ਫੈਜ਼, ਸ਼ਰੀਫ ਕੁੰਜਾਹੀ, ਸੱਜਾਦ ਹੈਦਰ, ਹੁਸੈਨ ਸ਼ਹੀਦ ਸਲੀਮ ਖਿਜ਼ੀ, ਅੰਮ੍ਰਿਤਾ ਪ੍ਰੀਤਮ, ਡਾਕਟਰ ਜਾਇਦ ਫਾਰੂਕੀ, ਅਹਿਮਦ ਹੱਕ ਕਾਸਮੀ, ਸਸਤੰਸਰ, ਤਾਰ, ਐਮ. ਮੰਸ਼ਾ ਯਾਦ, ਡਾਕਟਰ ਅਤਰ ਸਿੰਘ ਡਾਕਟਰ ਰਸ਼ੀਦ ਅਨਵਰ, ਡਾਕਟਰ ਏ. ਐਸ ਸ਼ਾਹੀਦ, ਪ੍ਰੋ: ਅਸਫ਼ਾਕ ਸਾਹਿਰ ਤੇ ਮੁਨੀਰ ਅਹਿਮਦ ਆਦਿ ਸ਼ਾਮਲ ਹਨ।

ਦਰਖਾਸਤ ਮਿਸਟਰ ਅਜ਼ਿਤਕਾਰ ਅਹਿਮਦ ਬੈਰਿਸਟਰ ਰਾਹੀਂ ਦਾਇਰ ਕੀਤੀ ਗਈ ਹੈ।

(ਅੰਗਰੇਜ਼ੀ ਤੋਂ ਅਨੁਵਾਦ-ਨਰੰਜਨ ਸਿੰਘ)


**NOW—A LIFE INSURANCE POLICY THAT GUARANTEES EVERY CENT OF YOUR MONEY BACK**

***anytime you ask — after premiums have been paid and the policy has been in force for two years.***

SAVE MORE INCOME TAX THROUGH R.R.S.P.

Office
273-2961



**HARDEEP S. HEER**
Sales Representative
254-1963



**RUPINDER AZAD M.A.**
Unit Supervisor
325-0774



**MOHINDER SINGH**
Sales Representative
437-4890

*We also provide various other forms of insurance, such as:*

- Investment plans
- Mortgage Insurance
- Children's Educational Plans
- Accident & Sickness policy
- Registered Retirement Savings plans
- Travel insurance
- Annuity Plans, etc., etc.

**SEABOARD LIFE INSURANCE COMPANY**
**202 - 4640 No. 3 rd. Richmond, B.C.**



ਕੈਨੇਡਾ ਦੇ ਉਭਰ ਰਹੇ ਕਵੀ ਤੇ ਕਹਾਣੀਕਾਰ
ਸਾਧੂ
ਦੇ ਕਾਵਿ-ਸਫ਼ਰ ਦੀ ਪਹਿਲੀ ਪ੍ਰਭਾਵਸ਼ਾਲੀ ਪ੍ਰਾਪਤੀ,
ਸਮਕਾਲੀ ਸਮੱਸਿਆਵਾਂ ਦਾ ਸਾਰਥਕ ਤੇ ਸਪੱਸ਼ਟ ਕਾਵਿ-ਚਿਤ੍ਰਣ

ਮੈਲੇ ਰੰਗੀ ਸਫ਼ਰ
ਸਫ਼ੇ 80 ਕੀਮਤ ਇਕ ਡਾਲਰ ਫ਼ੋਨ '437-9014

ਪੰਜਾਬੀ ਲਿਟਰੇਰੀ ਐਸੋਸੀਏਸ਼ਨ·

PUNJABI LITERARY ASSOCIATION • P.O. BOX 67744 • VANCOUVER, B.C., CANADA V5W 3V2

# ਕਵੀ ਦਰਬਾਰ

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵਲੋਂ ੨ ਸਿਤੰਬਰ 1978 ਨੂੰ ਰੌਸ਼ਨ ਪਾਰਕ ਕਮਿਉਨਿਟੀ ਸੈਂਟਰ ਵਿਚ ਇਕ ਕਵੀ ਦਰਬਾਰ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਅਤੇ ਭਾਰਤੀ ਸਾਹਿਤ ਅਕਾਦਮੀ ਅਵਾਰਡ ਵਿਜੇਤਾ ਸੋਹਣ ਸਿੰਘ ਜੋਸ਼ ਨੇ ਕੀਤੀ। ਜੋਸ਼ ਜੀ ਨੂੰ ਐਸੋਸੀਏਸ਼ਨ ਨੇ ਫੰਡਾਂ ਤੋਂ ਵੈਨਕੂਵਰ ਆਉਣ ਲਈ ਸੱਦਾ ਦਿਤਾ ਅਤੇ ਸਪੌਂਸਰ ਕੀਤਾ; ਇਸੇ ਤਰਾਂ, 1976 ਵਿਚ ਡਾ: ਹਰਭਜਨ ਸਿੰਘ ਨੂੰ ਵੀ ਇਥੇ ਆਉਣ ਲਈ ਐਸੋਸੀਏਸ਼ਨ ਨੇ ਸਪੌਂਸਰ ਕੀਤਾ ਸੀ।

ਜੋਸ਼ ਜੀ ਦੀ ਜਾਣ ਪਛਾਣ ਥੋੜਿਆਂ ਸ਼ਬਦਾਂ ਰਾਹੀਂ ਕਰਵਾਉਂਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਅਜਮੇਰ ਰੋਡੇ ਨੇ ਕਿਹਾ ਕਿ ਭਾਰਤੀ ਸਾਹਿਤ ਅਕਾਦਮੀ ਵਲੋਂ ਜੋਸ਼ ਜੀ ਦਾ ਸਨਮਾਨ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਦਾ ਸਨਮਾਨ ਹੈ। ਜੋਸ਼ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਸਾਹਿਤਕਾਰ ਦਾ ਸੱਚਾ ਸਨਮਾਨ ਤਾਂ ਲੋਕਾਂ ਵਲੋਂ ਮਿਲਿਆ ਸਨਮਾਨ ਹੀ ਹੁੰਦਾ ਹੈ। ਉਨ੍ਹਾਂ ਨੇ ਇਸ ਗੱਲ ਤੇ ਖੁਸ਼ੀ ਪ੍ਰਗਟ ਕੀਤੀ ਕਿ ਆਪਣੀ ਧਰਤੀ ਤੋਂ ਐਨੀ ਦੂਰ ਆ ਕੇ ਵੀ, ਐਨੇ ਲੋਕ ਇਸ ਕਵੀ ਦਰਬਾਰ ਵਿਚ ਸ਼ਾਮਲ ਹੋਏ ਹਨ। ਇਸ ਪਿਛੋਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੁਖਵੰਤ ਹੁੰਦਲ ਨੇ ਐਸੋਸੀਏਸ਼ਨ ਬਾਰੇ ਇਕ ਰੀਪੋਰਟ ਪੜ੍ਹੀ, ਜਿਸ ਵਿਚ ਇਸ ਐਸੋਸੀਏਸ਼ਨ ਦੇ ਇਤਿਹਾਸ, ਵਿਚਾਰਾਂ, ਅਤੇ ਪ੍ਰਾਪਤੀਆਂ ਦਾ ਸੰਖੇਪ ਜ਼ਿਕਰ ਸੀ।

ਇਸ ਪਿਛੋਂ ਕਵੀਦਰਬਾਰ ਵਿਚ ਕਵਿਤਾਵਾਂ ਅਤੇ ਗੀਤਾਂ ਦਾ ਪ੍ਰੋਗਰਾਮ ਸ਼ੁਰੂ ਹੋਇਆ; ਜਿਸ ਵਿਚ ਬਲਬੀਰ ਸਿੰਘ ਭੁੱਲਰ, ਗਿਆਨ ਸਿੰਘ ਰਸੂਲ, ਗੁਰਚਰਨ ਰਾਮਪੁਰੀ, ਸਾਧੂ, ਰਘਬੀਰ ਢੰਡ, ਸਾਧੂ, ਹਰਜੀਤ, ਗਿੱਲ ਮੋਰਾਂਵਾਲੀ, ਬਲਤੇਜ ਚੱਪੜੀ, ਕਰਨੈਲ ਪੰਛੀ, ਅਜਮੇਰ ਰੋਡੇ, ਪਸ਼ੌਰਾ ਸਿੰਘ, ਅਮਰਜੀਤ ਚਾਹਲ, ਸੁਖਵੰਤ ਹੁੰਦਲ, ਉਂਕਾਰ ਦੁਸਾਂਝ, ਅਤੇ ਤਰਜਿੰਦਰ ਨੇ ਭਾਗ ਲਿਆ। ਨਾਲ ਨਾਲ ਜੋਸ਼ ਜੀ ਨੇ ਵੀ ਆਪਣੀਆਂ ਕਵਿਤਾਵਾਂ ਪੜ੍ਹ ਕੇ ਸੁਣਾਈਆਂ। ਤਕਰੀਬਨ ਸਾਰੀਆਂ ਕਵਿਤਾਵਾਂ ਅਤੇ ਗੀਤਾਂ ਦਾ ਸ੍ਰੋਤਿਆਂ ਵਲੋਂ ਤਾੜੀਆਂ ਨਾਲ ਭਰਪੂਰ ਸਵਾਗਤ ਹੋਇਆ।

ਇਸ ਅਵਸਰ ਤੇ ਇਕ ਪ੍ਰਦਰਸ਼ਨੀ ਵੀ ਲਾਈ ਗਈ, ਜਿਸ ਵਿਚ ਭਾਰਤ ਵਿਚ ਛਪਦੇ ਰਹੇ ਪੰਜਾਬੀ ਦੇ ਰਸਾਲੇ, ਕੈਨੇਡਾ ਵਿਚ ਛਪਦੇ ਰਸਾਲੇ ਪੰਜਾਬੀ ਦੇ ਰਸਾਲੇ ਤੇ ਅਖ਼ਬਾਰ, ਅਤੇ ਕੈਨੇਡਾ ਵਿਚ ਰਹਿ ਰਹੇ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਪ੍ਰਦਰਸ਼ਨੀ ਵਜੋਂ ਸਜਾਈਆਂ ਗਈਆਂ। ਇਸ ਮੌਕੇ ਉਤੇ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਦੀਆਂ ਤਸਵੀਰਾਂ ਦੀ ਲੜੀ ਲਾ ਰੱਖੀਆਂ ਸਨ। ਸਮੁੱਚੇ ਤੌਰ ਤੇ ਸਾਰਾ ਕਵੀਦਰਬਾਰ ਸਫ਼ਲ ਰਿਹਾ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵਲੋਂ ਵੈਨਕੂਵਰ ਵਿਚ ਕਰਵਾਇਆ ਗਿਆ ਇਹ ਚੌਥਾ ਕਵੀ ਦਰਬਾਰ ਸੀ। ਐਸੋਸੀਏਸ਼ਨ, ਕਵੀਦਰਬਾਰ ਵਿਚ ਸ਼ਾਮਲ ਹੋਣ ਵਾਲੇ ਸਾਰੇ ਸ੍ਰੋਤਿਆਂ, ਕਵੀਆਂ ਅਤੇ ਹੋਰ ਸਾਰੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ, ਅਤੇ ਭਵਿੱਖ ਵਿਚ ਉਨ੍ਹਾਂ ਦੇ ਸਹਿਯੋਗ ਦੀ ਆਸਵੰਦ ਹੈ।

PACIFIC 66

## COMPLETE AUTO SERVICE

ELECTRONIC TUNE UPS, BRAKES, VALVES ETC.
FOR ALL MAKES AND MODELS

ਆਪਣੀਆਂ ਹਰ ਕਿਸਮ ਦੀਆਂ ਕਾਰਾਂ ਦੀ ਤਸੱਲੀ-ਬਖ਼ਸ਼ ਮੁਰੰਮਤ ਲਈ; ਟਿਊਨ-ਅਪ ਜਾਂ ਬਰੇਕਾਂ ਦੀ ਮੁਰੰਮਤ ਕਰਾਉਣ ਲਈ। ਛੇਤੀ ਤੇ ਭਰੋਸੇ-ਯੋਗ ਸਰਵਿਸ ਲਈ ਸਾਨੂੰ ਸੇਵਾ ਦਾ ਮੌਕਾ ਦਿਓ।

**PHONE 874-9828**

**MID VAN 66**
**3860 MAIN STREET**
**VANCOUVER, B.C.**



## BHAGAT ENTERPRISES

ਫਰੇਜ਼ਰ ਵੈਲੀ ਦੇ ਭਾਰਤੀਆਂ ਲਈ ਖੁਸ਼ਖਬਰੀ

ਹੁਣ ਤੁਹਾਨੂੰ ਗਰੋਸਰੀ ਤੇ ਹੋਰ ਘਰੇਲੂ ਚੀਜ਼ਾਂ ਖ਼ਰੀਦਣ ਲਈ ਦੂਰ ਨਹੀਂ ਜਾਣਾ ਪਏਗਾ। ਕਿਉਂਕਿ ਹੁਣ ਕਲੀਅਰ ਬਰੁੱਕ ਵਿਚ ਗਰੋਸਰੀ ਦੀ ਦੁਕਾਨ ਖੁੱਲ੍ਹ ਗਈ ਹੈ।
ਭਾਰਤੀ ਗਰੋਸਰੀ ਖ਼ਰੀਦਣ ਲਈ:-

ਭਗਤ ਇੰਟਰਪਰਾਈਜ਼ ਤੇ ਆਓ
ਜਿਸ ਦਾ ਪਤਾ 2500 ਕਲੀਅਰਬਰੂਕ ਰੋਡ ਹੈ

ਹੋਰ ਜਾਣਕਾਰੀ ਲਈ ਫੋਨ ਕਰੋ ਜਸਵੰਤ ਜਾਂ ਯਸ਼ਪਾਲ ਨੂੰ:

853-4312

* ਇਥੋਂ ਤੁਹਾਨੂੰ ਹਰ ਕਿਸਮ ਦੇ ਹਿੰਦੀ ਪੰਜਾਬੀ ਦੇ ਰੀਕਾਰਡ ਤੇ ਟੇਪਾਂ ਵੀ ਮਿਲ ਸਕਦੀਆਂ ਹਨ।
* ਇਥੋਂ ਤੁਸੀਂ '[illegible]' ਵੀ ਪ੍ਰਾਪਤ ਕਰ ਸਕਦੇ ਹੋ।

**BHAGAT ENTERPRISES**
2500 CLEARBROOK ROAD
CLEARBROOK, B.C.
PHONE: 853-4312



## T. PLASKETT LTD.

CARRY-IN
ELECTRIC APPLIANCE SERVICE

TOASTERS - MIXERS - BLENDERS
PERCS - CAN OPENERS - VACUUM CLEANERS
FRY PANS - KETTLES - IRONS - RADIOS
TV - AUTHORIZED SERVICE STATION FOR HONEYWELL
AIR CLEANERS - GE AND RIVAL SMALL APPLIANCES

874-5268

3958 MAIN ST.
VANCOUVER, B.C.
V5V 3P2



## ਜੋਤਿਸ਼ ਰਾਹੀਂ ਆਪਣਾ ਭਵਿੱਖ ਜਾਣੋ

ਮੁਸ਼ਕਲਾਂ ਤੇ ਕਾਬੂ ਪਾਵੋ ਅੱਜ ਹੀ ਸਲਾਹ ਲਵੋ

ਮਿਸਿਜ਼ ਮਡੇਲਾ **251-3697**

Mrs. Madella - Spiritual reader and adviser. Palm and tarot card reading. She will help you with your problems in business, health, love affairs, sickness, where others have failed. Special reading by mail with free monthly horoscope. Send $10.00, date of birth and year to - Mrs. Madella. P.O. Box 69784, Station 'K', Vancouver, B.C. V5K 4Y7.

**TELEPHONE: 251-3697**

# ਡੱਗ ਕਾਲਿਨਜ਼ ਦਾ ਜਮਾਤੀ ਕਰਦਾਰ

ਜਰਨੈਲ ਸਿੰਘ

(ਨੋਟ—ਡੱਗ ਕਾਲਿਨਜ਼ ਵੈਨਕੂਵਰ ਤੋਂ ਛਪਣ ਵਾਲੇ ਰੋਜ਼ਾਨਾ ਅਖਬਾਰ 'ਵੈਨਕੂਵਰ ਸੰਨ' (ਜੋ ਦਸ ਲਖ ਰੋਜ਼ ਛਪਦਾ ਹੈ) ਦਾ ਇਕ ਪੱਤਰਕਾਰ ਹੈ ਤੇ ਈਨਕ ਪਾਵਲ ਵਾਂਗ ਨਸਲਵਾਦੀ ਪਰਚਾਰ ਕਰਨ ਕਰਕੇ ਕੈਨੇਡਾ ਦੀਆਂ ਘਟ-ਗਿਣਤੀ ਕਮਿਊਨਿਟੀਆਂ ਵਿਚ ਬਹੁਤ ਬਦਨਾਮ ਹੈ। ਇਹ ਲੇਖ ਉਸਦੇ ਜਮਾਤੀ ਕਰਦਾਰ 'ਚੋਂ ਪੈਦਾ ਹੋਈ ਮਾਨਸਿਕ ਬੀਮਾਰੀ ਦਾ ਕਾਰਨ ਲਭਣ ਦਾ ਮਾਰਕਸੀ ਯਤਨ ਹੈ।)

'ਵੈਨਕੂਵਰ ਸੰਨ' ਦੇ ਪੱਤਰਕਾਰ ਡੱਗ ਕਾਲਿਨਜ਼ ਦਾ ਨਾਂ ਕੈਨੇਡਾ ਦੀਆਂ ਘਟ-ਗਿਣਤੀ ਕਮਿਊਨਿਟੀਆਂ ਵਿਚ ਜਾਣਿਆਂ ਪਛਾਣਿਆ ਨਾਂ ਹੈ। ਇਸ ਨਾਂ ਦੀ ਪ੍ਰਸਿਧਤਾ ਤੇ ਬਦਨਾਮੀ ਦੇ ਕਈ ਕਾਰਨ ਹਨ। ਮੋਟੇ ਕਾਰਨ ਹਨ :—

1. ਘਟ-ਗਿਣਤੀ ਕਮਿਊਨਿਟੀਆਂ ਦੀ ਇਮੀਗਰੇਸ਼ਨ ਤੇ ਸਿੱਧੇ ਜਾਂ ਅਸਿੱਧੇ ਹਮਲੇ।

1. ਘਟ ਗਿਣਤੀਆਂ ਤੇ ਖਾਸ ਕਰਕੇ ਅਫਰੀਕਨ, ਏਸ਼ੀਆਈ ਘਟ ਗਿਣਤੀਆਂ ਨੂੰ ਕੈਨੇਡਾ ਵਿਚ ਹੋ ਰਹੇ ਜੁਰਮ ਨਾਲ ਜੋੜਨਾ ਤੇ ਅਜਿਹਾ ਕਰਨ ਲਈ ਜੁਰਮ-ਅੰਕੜਿਆਂ ਦੀ ਭੰਨ-ਤੋੜ ਕਰਨੀ।

3. ਅਫਰੀਕਨ-ਏਸ਼ੀਆਈ ਘੱਟ ਗਿਣਤੀਆਂ ਪ੍ਰਤੀ ਲੋਕਾਂ ਦੇ ਦਿਲਾਂ ਵਿਚ ਨਫਰਤ ਪੈਦਾ ਕਰਨੀ।

4. ਨਾਰਥ ਅਮਰੀਕਨ ਨਾਜ਼ੀ ਪਾਰਟੀ ਤੇ ਨੈਸ਼ਨਲ ਫਰੰਟ ਵਰਗੀਆਂ ਨਸਲਵਾਦੀ ਜਥੇਬੰਦੀਆਂ ਦੀ ਜਾਣੇ ਅਣ-ਜਾਣੇ ਮਦਦ ਕਰਨੀ।

5. ਟਰੇਡ-ਯੂਨੀਅਨ ਲਹਿਰ ਨੂੰ ਖੇਰੂੰ ਖੇਰੂੰ ਕਰਨ ਲਈ ਉੱਤਰੀ ਅਮਰੀਕਾ ਦੀ ਕਾਰਪੋਰੇਟ ਸਰਮਾਏਦਾਰੀ ਦਾ ਸਿੱਧਾ ਹਥ-ਠੋਕਾ ਬਨਣਾ।

6. ਉਪਰੋਕਤ ਮਨੋਰਥਾਂ ਦੀ ਪਰਾਪਤੀ ਲਈ ਪਛਮੀ ਕੈਨੇਡਾ ਦੇ ਸਭ ਤੋਂ ਵਧ ਛਪਣ ਵਾਲੇ ਅਖਬਾਰ 'ਵੈਨਕੂਵਰ ਸੰਨ' ਦੀ ਦੁਰਵਰਤੋਂ ਕਰਨੀ।

ਡੱਗ ਕਾਲਿਨਜ਼ ਦੀਆਂ ਅਜਿਹੀਆਂ ਘਨਾਉਣੀਆਂ ਹਰਕਤਾਂ ਦੇ ਮੋਟੇ ਤੌਰ ਤੇ ਹੇਠ ਲਿਖੇ ਕਾਰਨ ਹਨ :—

(1) ਖਰਬਾਂ-ਪਤੀ ਕਾਰਪੋਰੇਸ਼ਨਾਂ ਦੇ ਹੁਕਮ ਦੀ ਪਾਲਣਾ।

(2) ਜਮਾਤੀ ਕਰਦਾਰ।

(3) ਮਾਨਸਿਕ ਰੋਗਤਾ।

ਇਸ ਪਤਰਕਾਰ ਦੀਆਂ ਕਾਲੀਆਂ ਕਰਤੂਤਾਂ ਤੇ ਇਨਾਂ ਦੇ ਕਾਰਨਾਂ ਨੂੰ ਲਭਣਾ ਖਿਖੜੀ ਤਾਨੀ ਨੂੰ ਸੁਲਝਾਉਣ ਵਰਗੀ ਗੰਭੀਰ ਸਮਸਿਆ ਹੈ। 'ਵੈਨਕੂਵਰ ਸੰਨ' ਦੇ ਇਕ ਹੋਰ ਪਤਰਕਾਰ (ਐਲਿਨ ਫਾਦਰਿੰਗਹੈਮ) ਨੇ ਇਕ ਆਰਟੀਕਲ ਰਾਹੀਂ ਕਾਲਿਨਜ਼ ਦੀ ਮਾਨਸਿਕ ਬੀਮਾਰੀ ਅਤੇ ਇਸਦੇ ਸਿੱਟੇ ਵਜੋਂ ਹੋਣ ਵਾਲੇ ਸਮਾਜਕ ਨੁਕਸਾਨ ਵਲ ਗੰਭੀਰ ਸੰਕੇਤ ਕੀਤਾ ਹੈ। ਪਰ ਇਹ ਕੇਵਲ ਸੰਕੇਤ ਹੀ ਸੀ।

ਮੇਰੇ ਖਿਆਲ ਵਿਚ ਹਰ ਵਿਚ ਉਹ ਵਿਸ਼ਲੇਸ਼ਨ ਜੋ ਕੇਵਲ ਕਾਲਿਨਜ਼ ਦੀ ਮਾਨਸਿਕ ਬੀਮਾਰੀ ਦੀ ਗਲ ਕਰਦਾ ਹੈ, ਅਧੂਰਾ ਵਿਸ਼ਲੇਸ਼ਨ ਹੈ। ਸਮੁੱਚਾ ਵਿਸ਼ਲੇਸਨ ਕੇਵਲ ਮਾਰਕਸਵਾਦੀ ਨੁਕਤੇ ਤੋਂ ਹੀ ਸੰਭਵ ਹੈ।

'ਵੈਨਕੂਪਰ ਸੰਨ' ਦੇ ਉੱਚ ਅਧਿਕਾਰੀ ਲੋਕਾਂ ਦੀ ਅੱਖੀਂ ਘੱਟਾ ਪਾਉਣ ਲਈ ਇਹ ਢਕੌਂਚ ਰਚਦੇ ਹਨ ਕਿ ਕਾਲਿਨਜ਼ ਦੀ ਰੋਗੀ ਪੱਤਰਕਾਰੀ ਉਸਦੀ ਆਪਣੀ ਕਾਢ ਹੈ, ਤੇ ਅਖਬਾਰ ਦੇ ਪ੍ਰਬੰਧਕਾਂ ਵਲੋਂ ਉਸਨੂੰ ਕੋਈ ਹਦਾਇਤ ਨਹੀਂ ਅਤੇ ਨਾ ਹੀ ਪ੍ਰਬੰਧਕ ਆਪਣੇ ਪੱਤਰਕਾਰਾਂ ਨੂੰ ਹਦਾਇਤ ਦੇ ਸਕਦੇ ਹਨ।

ਉਤਰੀ ਅਮਰੀਕਾ ਤੇ ਪਛਮੀ ਯੂਰਪ ਦੀਆਂ ਅਰਬਾਂ ਖਰਬਾਂ-ਪਤੀ ਕਾਰਪੋਰੇਸ਼ਨਾਂ ਅਜਿਹੇ ਚਿੱਟੇ ਝੂਠ ਬੋਲਣ ਲਈ ਮਜਬੂਰ ਹਨ। ਕਾਰਨ? ਸਮਾਜਵਾਦੀ ਦੇਸ਼ਾਂ ਨੂੰ ਅਤੇ ਸਮਾਜਵਾਦੀ ਪ੍ਰਬੰਧ ਦੇ ਆਸ਼ਕਾਂ ਦੀ ਅੱਖੀਂ ਘੱਟਾ ਪਾਉਣ ਲਈ ਸਰਮਾਏਦਾਰੀ ਕਾਰਪੋਰੇਸ਼ਨਾਂ ਨੂੰ ਅਜਿਹੇ ਮਕਰ-ਫਰੇਬ ਤੇ ਝੂਠ ਦੇ ਪਲੰਦੇ ਲੋਕਾਂ ਸਾਹਮਣੇ ਰਖਣੇ ਪੈਂਦੇ ਹਨ। ਇਸਨਾਲ ਸਰਮਾਏਦਾਰੀ ਪ੍ਰਬੰਧ ਦੀਆਂ ਖੋਖਲੀਆਂ ਨੀਂਹਾਂ ਨੂੰ ਠੁੰਮਣ ਮਿਲਦਾ ਹੈ ਤੇ ਉਹ ਸ਼ਰੇਆਮ ਕਹਿ ਰਹੇ ਹਨ ਕਿ ਸਾਡੇ ਪ੍ਰਬੰਧ ਵਿਚ ਸਭ ਨੂੰ ਆਪਣੀ ਗਲ ਕਹਿਣ ਦੀ ਪੂਰਨ ਆਜ਼ਾਦੀ ਹੈ।

ਇਸ ਨਾਲ ਸਬੰਧਤ ਅਗਲਾ ਸਵਾਲ ਇਹ ਹੈ ਕਿ ਖਰਬਾਂ-ਪਤੀ ਕਾਰਪੋਰੇਸ਼ਨਾਂ ਕਾਲਿਨਜ਼ ਵਰਗੇ ਹਜ਼ਾਰਾਂ ਹੱਥ-ਠੋਕਿਆਂ ਨੂੰ ਨਫਰਤ ਭਰਿਆ ਪਰਚਾਰ ਕਰਨ ਦਾ ਹੁਕਮ ਕਿਉਂ ਦੇਂਦੀਆਂ ਹਨ?

1. ਮੁਨਾਫੇ-ਖੋਰੀ ਦੀ ਲਾਹਨਤ। ਇਹਨਾਂ ਕਾਰਪੋਰੇਸ਼ਨਾਂ ਦਾ ਖਿਆਲ ਹੈ ਕਿ ਅਜਿਹਾ ਕਰਨ ਨਾਲ ਅਖਬਾਰਾਂ ਦੀ ਵਿਕਰੀ ਵਧਦੀ ਹੈ।

2. ਇਸ ਨਾਲ ਟਰੇਡ-ਯੂਨੀਅਨ ਲਹਿਰ ਕਮਜ਼ੋਰ ਹੁੰਦੀ ਹੈ। ਕਿਵੇਂ? ਕਾਲਿਨਜ਼ ਵਰਗੇ ਸਮਾਜਕ ਕਲੰਕ ਹਰ ਸਰਮਾਏ-ਦਾਰੀ ਦੀ ਜਨਮੀ ਬੀਮਾਰੀ ਲਈ ਯੂਨੀਅਨਾਂ ਦੀ ਪੇਟ-ਪੂਰਤੀ ਲਈ ਵਧ ਮਜ਼ਦੂਰੀ ਦੀ ਮੰਗ ਨੂੰ ਜ਼ੁੰਮੇਵਾਰ ਠਹਿਰਾਉਂਦੇ ਹਨ। ਇਉਂ ਟਰੇਡ ਯੂਨੀਅਨ ਲਹਿਰ ਕੁਝ ਬੇ-ਸਮਝ ਤੇ ਅਨ-ਪ੍ਰਤੀ-ਬੱਧ ਲੋਕਾਂ ਦੀਆਂ ਨਜ਼ਰਾਂ ਵਿਚ ਡਿਗ ਪੈਂਦੀ ਹੈ। ਇਉਂ ਕਾਰਪੋਰੇਟ ਸਰਮਾਏਦਾਰੀ ਪ੍ਰਬੰਧ ਆਪਣੀ ਬੇ ਢੰਗੀ ਚਾਲ ਤੁਰਿਆ ਰਹਿੰਦਾ ਹੈ। ਮਜ਼ਦੂਰ ਜਮਾਤ ਦੀ ਵੰਡ ਵਿਚੋਂ ਇਸ ਪ੍ਰਬੰਧ ਨੂੰ ਜੀਵਨ ਸਾਹ ਮਿਲਦਾ ਹੈ।

ਇਹ ਜੀਵਨ ਸਾਹ ਪ੍ਰਾਪਤ ਕਰਨ ਲਈ ਕਾਲਿਨਜ਼-ਨੁਮਾ ਦੂਤਿਆਂ ਰਾਹੀਂ ਸਰਮਾਏਦਾਰੀ ਅਫਰੀਕਨ, ਏਸ਼ੀਆਈ ਤੇ ਕਈ ਹੋਰ ਦੇਸ਼ਾਂ ਦੇ ਆਵਾਸੀਆਂ ਤੇ ਵੀ ਹਮਲੇ ਕਰਦੀ ਹੈ। ਨਿਘਰ ਰਹੇ ਰਾਜਨੀਤਕ ਪ੍ਰਬੰਧ ਨੂੰ ਬਚਾਉਣ ਲਈ ਅਤੇ ਸਮੁੱਚੇ ਦੇਸ਼ ਵਿਚ ਦਮ-ਘੁਟਦੀ ਬੇ-ਰੁਜ਼ਗਾਰੀ ਦੀ ਸਮੱਸਿਆ ਤੇ ਪੜਦਾ ਪਾਉਣ ਲਈ ਇਹਨਾਂ ਨਵੇਂ ਆਵਾਸੀਆਂ ਵਲ ਉਂਗਲਾਂ ਉਠਾਈਆਂ ਜਾਂਦੀਆਂ ਹਨ। ਅਜਿਹਾ ਕਰਕੇ ਮੂਲ ਸਮੱਸਿਆ ਤੋਂ ਲੋਕਾਂ ਨੂੰ ਬੇ-ਧਿਆਨ ਕੀਤਾ ਜਾ ਰਿਹਾ ਹੈ। ਬੇ-ਸਮਝ ਲੋਕਾਂ ਨੂੰ ਤੇ ਖਾਸ ਕਰ ਬੇ-ਰੁਜ਼ਗਾਰ ਕਾਮਿਆਂ ਨੂੰ ਇਹ ਦਸਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ "ਤੁਹਾਡੀ ਬੇ-ਰੁਜ਼ਗਾਰੀ ਦੇ ਜ਼ੁੰਮੇਵਾਰ ਇਹ ਆਵਾਸੀ ਹਨ"। ਇਉਂ ਕੈਨੇਡਾ ਦੀਆਂ ਵੱਖ ਵੱਖ ਕਮਿਊਨਿਟੀਆਂ ਵਿਚ ਇਕ ਦੂਜੇ ਪ੍ਰਤੀ ਜ਼ਬਰਦਸਤ ਨਫਰਤ ਅਤੇ ਬੇ-ਵਿਸ਼ਵਾਸੀ ਪੈਦਾ ਕੀਤੀ ਜਾ ਰਹੀ ਹੈ। ਅਜਿਹੀ ਨਫਰਤ ਅਤੇ ਬੇ-ਵਿਸ਼ਵਾਸੀ ਨਾਲ ਵੰਡਕੇ ਖੇਰੂੰ ਖੇਰੂੰ ਕੀਤੀ ਕੌਮ ਨੂੰ ਸਰਮਾਏਦਾਰੀ ਵਿਰੁੱਧ ਇਕਠੀ ਕਰਨਾ ਹੋਰ ਵੀ ਕਠਨ ਹੋ ਜਾਂਦਾ ਹੈ। 'ਵੈਨਕੂਵਰ ਸੰਨ' ਅਜਿਹੀਆਂ ਕਠਨਾਈਆਂ ਪੈਦਾ ਕਰਨ ਲਈ ਡੱਗ ਕਾਲਿਨਜ਼ ਨੂੰ ਕਾਫੀ ਤਨਖਾਹ ਦੇ ਰਿਹਾ।

ਕਾਲਿਨਜ਼ ਦੀ ਦਿਮਾਗੀ ਬੀਮਾਰੀ ਉਸਦੇ ਜਮਾਤੀ ਕਰਦਾਰ ਦੀ ਦੇਣ ਹੈ। ਘੱਟੋ ਘੱਟ ਮਾਰਕਸੀ ਦ੍ਰਿਸ਼ਟੀਕੋਨ ਤੋਂ ਮੈਨੂੰ ਅਜਿਹਾ ਜਾਪਦਾ ਹੈ। ਮੈਂ ਉਸਦੇ ਜਮਾਤੀ ਕਰਤਾਰ ਦਾ ਵਿਸ਼ਲੇਸ਼ਣ ਕਰਦਾ ਹੋਇਆ ਉਸਦੀ ਦਿਮਾਗੀ ਬੀਮਾਰੀ ਦਾ ਕਾਰਨ ਲਭਣ ਦਾ ਯਤਨ ਕਰਾਂਗਾ।

ਡੱਗ ਕਾਲਿਨਜ਼ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਇੰਗਲੈਂਡ ਦੇ ਲਿਵਰਪੂਲ ਜਾਂ ਬਰਮਿੰਗਹੈਮ ਵਰਗੇ ਕਿਸੇ ਸ਼ਹਿਰ ਵਿਚ ਕਿਸੇ ਮਜ਼ਦੂਰ ਪਰਵਾਰ ਵਿਚ ਜੰਮਿਆਂ। ਏਥੇ ਲਿਵਰਪੂਲ ਤੇ ਬਰਮਿੰਗਹੈਮ ਦਾ ਨਾਂ ਖਾਸ ਵਿਸ਼ੇਸ਼ਤਾ ਰਖਦਾ ਹੈ। ਇਹਨਾਂ ਸ਼ਹਿਰਾਂ ਦੀਆਂ ਫੈਕਟਰੀਆਂਦੀਆਂ ਚਿਮਨੀਆਂ ਚੋਂ 365 ਦਿਨ ਧੂੰਆਂ ਨਿਕਲਦਾ ਹੈ। ਇਹਨਾਂ ਫੈਕਟਰੀਆਂ ਦੀ ਕੈਂਸਰ-ਰੂਪੀ ਦੇਣ ਉਹ ਮਜ਼ਦੂਰ ਬਸਤੀਆਂ ਹਨ ਜਿਹਨਾਂ ਵਿਚ ਫੈਕਟਰੀਆਂ 'ਚ ਸੇਨਾ

ਪੈਦਾ ਕਰਨ ਵਾਲੇ ਮਜ਼ਦੂਰ ਪਸ਼ੂਆਂ ਨਾਲੋਂ ਵੀ ਬਦਤਰ ਹਾਲਤ ਵਿਚ ਰਖੇ ਜਾਂਦੇ ਸਨ। 19ਵੀਂ ਸਦੀ ਦੇ ਅੰਤ ਵਿਚ ਤੇ 20ਵੀਂ ਸਦੀ ਦੇ ਆਰੰਭ ਵਿਚ ਇਹ ਹਾਲਤ ਹੋਰ ਵੀ ਨਿਘਰੀ ਹੋਈ ਸੀ।

ਅੰਗਰੇਜ਼ੀ ਲੇਖਕ ਚਾਰਲਸ ਲੈਂਬ ਅਤੇ ਚਾਰਲਸ ਡਿਕਨਜ਼ ਆਦਿ ਨੇ ਇਨ੍ਹਾਂ ਮਜ਼ਦੂਰਾਂ ਦੀ ਹਿਰਦੇ-ਵੇਧਕ ਹਾਲਤ ਆਪਣੀਆਂ ਲਿਖਤਾਂ ਵਿਚ ਬਿਆਨ ਕੀਤੀ ਹੈ। ਏਥੇ ਬੱਚੇ ਸਤ ਅਤੇ ਦਸ ਸਾਲ ਦੀ ਉਮਰ ਵਿਚ ਕੰਮ ਸ਼ੁਰੂ ਕਰਦੇ ਸਨ। ਇੰਡਸਟਰੀ ਪਰਧਾਨ ਇੰਗਲੈਂਡ ਵਿਚ ਗੁਲਾਮੀ ਦੀ ਨੀਂਹ ਇਕ ਤਰਾਂ ਨਾਲ ਇਹਨਾਂ ਸ਼ਹਿਰਾਂ ਵਿਚ ਹੀ ਬੱਝੀ।

ਡੱਗ ਕਾਲਿਨਜ਼ ਜਿਸ ਜਮਾਤ ਵਿਚ ਪੈਦਾ ਹੋਇਆ ਉਸਦੀ ਅੰਗਰੇਜ਼ੀ ਸਮਾਜ ਲਈ ਖਾਸ ਮਹਾਨਤਾ ਸੀ। ਇਹ ਜਮਾਤ ਇੰਗਲੈਂਡ ਦੀਆਂ ਫੈਕਟਰੀਆਂ ਲਈ ਚਾਲਕ ਪੈਦਾ ਕਰਦੀ ਸੀ। ਇਹੋ ਜਮਾਤ ਇੰਗਲੈਂਡ ਦੀ ਹਾਕਮ ਲਾਰਡ ਕਲਾਸ ਲਈ ਘਰੇਲੂ ਨੌਕਰਾਣੀਆਂ ਤੇ ਖਿਡਾਵੀਆਂ ਸਪਲਾਈ ਕਰਦੀ ਸੀ। ਇਸ ਜਮਾਤ ਦੇ ਫਰਜ਼ੰਦ ਛੋਟੀ ਉਮਰ ਵਿਚ ਰਫਲ ਚਲਾਉਣ ਦੀ ਸਖਲਾਈ ਲੈ ਕੇ ਅੰਗਰੇਜ਼ੀ ਬਸਤੀਆਂ ਵਿਚ ਜਾਂਦੇ ਸਨ ਤੇ ਉਥੇ ਇਹਨਾਂ ਬਸਤੀਆਂ ਨੂੰ ਅੰਗਰੇਜ਼ੀ ਕਬਜ਼ੇ 'ਚ ਰਖਣ ਲਈ ਵਰਤਿਆ ਜਾਂਦਾ ਸੀ। ਏਥੋਂ ਤਕ ਡੱਗ ਕਾਲਿਨਜ਼ ਦੀ ਜਮਾਤ ਸਾਡੀ ਮਾਰਕਸੀ ਹਮਦਰਦੀ ਦੀ ਪਾਤਰ ਹੈ ਕਿਉਂਕਿ ਇਹ ਖੁਦ ਹਾਕਮ ਸ਼ਰੇਣੀ ਦੀ ਲੁੱਟ ਦੀ ਸ਼ਿਕਾਰ ਹੈ।

ਜਮਾਤੀ ਦ੍ਰਿਸ਼ਟੀਕੋਨ ਤੋਂ ਬਸਤੀਆਂ ਵਿਚ ਦੋ ਤਰਾਂ ਦੇ ਅੰਗਰੇਜ਼ ਹਾਕਮ ਹੁੰਦੇ ਸਨ।

1. ਡੱਗ ਕਾਲਿਨਜ਼ ਦੀ ਜਮਾਤ।

2. ਵਾਰਨ ਹੇਸਟਿੰਗ ਲਾਰਡ ਕਰਜਨ ਤੇ ਲਾਰਡ ਇਸਮੇਂ ਦੀ ਕਲਾਸ।

ਦੂਜੀ ਕਲਾਸ ਦੇ ਅੰਗਰੇਜ਼ ਹਾਕਮ ਇੰਗਲੈਂਡ ਦੀ ਹਾਕਮ ਬੁਰਜੁਆਜ਼ੀ 'ਚੋਂ ਹੋਣ ਦੇ ਨਾਲ ਨਾਲ ਔਕਸਫੋਰਡ ਤੇ ਕੈਂਬਰਿਜ ਦੀ ਪੈਦਾਵਾਰ ਹੁੰਦੇ ਸਨ। ਡੱਗ ਕਾਲਿਨਜ਼ ਵਾਲੀ ਕਲਾਸ ਦੀ ਇਹ ਤਕਦੀਰ ਨਹੀਂ ਸੀ ਹੁੰਦੀ। ਇਸ ਲਈ ਇਹ ਜਮਾਤ ਜਦ ਤਕ ਇੰਗਲੈਂਡ ਵਿਚ ਰਹਿੰਦੀ ਆਰਥਕ ਤੇ ਸਮਾਜਿਕ ਅਛੂਤਤਾ ਦੀ ਦੀਵਾਰ ਦੋਵਾਂ ਵਿਚਾਲੇ ਬਣੀ ਰਹਿੰਦੀ। ਬਸਤੀਆਂ ਵਿਚ ਹਾਲਤ ਵਖਰੀ ਸੀ। ਲਿਵਰਪੂਲ ਤੇ ਬਰਮਿੰਗਹੈਮ ਦੀਆਂ ਚਿਮਨੀਆਂ ਦੇ ਧੂੰਏਂ ਨਾਲ ਧਵਾਂਖੇ ਲੇਬਰ-ਜਮਾਤ ਦੇ ਇਹ ਫਰਜ਼ੰਦ ਜਦ ਬਸਤੀਆਂ ਵਿਚ ਪਹੁੰਚਦੇ ਤਾਂ ਤਕਦੀਰ ਅਜਿਹਾ ਪਲਟਾ ਮਾਰਦੀ ਕਿ ਕੁਝ ਚਿਰ ਲਈ ਉਹਨਾਂ ਨੂੰ ਆਪ ਵੀ ਇਸ ਤਕਦੀਰ ਪਲਟੇ ਤੇ ਇਤਬਾਰ ਨਾ ਆਉਂਦਾ। ਸਮੁੰਦਰੋਂ ਪਾਰ ਉਤਾਰਾ ਕਰਦੇ ਹੀ ਨਿਜੀ ਸੁਖਾਂ ਦੇ ਪਖੋਂ ਇਹ ਲਾਰਡ ਕਰਜਨ ਤੇ ਲਾਰਡ ਇਸਮੇਂ ਵਾਲੀ ਜਮਾਤ ਵਿਚ ਦਾਖਲ ਹੋ ਜਾਂਦੇ। ਘਰ ਬਾਹਰ ਨੌਕਰਾਂ ਦੀ ਭਰਮਾਰ। ਮਿਲਟਰੀ, ਪੁਲੀਸ, ਕਚਹਿਰੀ, ਬਾਜ਼ਾਰ ਵਿਚ ਸਪੇਸ਼ਲ ਸਲੂਟ। ਬੇਰੋਕ ਰਾਜਸੀ ਤਾਕਤ ਤੇ ਸਮਾਜਕ ਰੁਤਬਾ ਤੇ ਹਰ ਸਾਲ ਕੁਝ ਮਹੀਨਿਆਂ ਦੀ ਇੰਗਲੈਂਡ ਜਾਣ ਲਈ ਛੁਟੀ। ਜਦ ਛੁਟੀ ਗਿਆ ਕੋਲੋਂ ਉਹਨਾਂ ਦੇ ਆਪਣੇ ਰਿਸ਼ਤੇਦਾਰ ਇਹ ਸੁਖ ਸੁਣਦੇ ਉਹਨਾਂ ਨੂੰ ਅਲਫਲੈਲਾ ਦੀ ਦਾਸਤਾਨ ਲਗਦੀ।

ਚਿਟੀ ਚਮੜੀ ਵਾਲੇ ਤੇ ਇੰਗਲੈਂਡ ਦੇ ਜੰਮ-ਪਲ ਹੋਣ ਕਾਰਨ ਲਾਰਡ ਕਾਜ਼ਨ ਵਾਲੀ ਹਾਕਮ ਜਮਾਤ ਇਹਨਾਂ ਨਾਲ ਵਿਤਕਰਾ ਨਹੀਂ ਸੀ ਕਰ ਸਕਦੀ ਕਿਉਂਕਿ ਇਹਨਾਂ ਜਮਾਤਾਂ ਦੇ ਹਿਤ ਬਸਤੀਆਂ ਵਿਚ ਸਾਂਝੇ ਸਨ। ਇਹਨਾਂ ਦਾ ਸਾਂਝਾ ਉਦੇਸ਼ ਬਸਤੀਆ ਨੂੰ ਗੁਲਾਮ ਰਖਕੇ ਆਰਥਕ ਲੁਟ ਨੂੰ ਕਾਇਮ ਰਖਣਾ ਸੀ।

ਹੌਲੀ ਹੌਲੀ ਅੰਗਰੇਜ਼ਾਂ ਬਸਤੀਆਂ ਦਾ ਸੁਨਿਹਰੀ ਮਕੜ-ਜਾਲ ਆਪਣੇ ਇਰਦ ਗਿਰਦ ਏਨਾ ਉਣ ਲਿਆ ਕਿ ਲਗ ਭਗ ਸਾਰੀ ਦੁਨੀਆਂ ਹੀ ਇਹਨਾਂ ਦੇ ਘੇਰੇ ਵਿਚ ਆ ਗਈ।

ਦੂਜੇ ਸੰਸਾਰ ਯੁਧ ਦੇ ਸ਼ੁਰੂ ਵਿਚ ਅੰਗਰੇਜ਼ਾਂ ਦੀਆਂ ਹਿਟਲਰ ਹਥੋਂ ਸ਼ਰਮਨਾਕ ਹਾਰਾਂ ਹੋਈਆਂ। ਏਸ਼ੀਆ ਵਿਚ ਜਾਪਾਨ ਨੇ ਅੰਗਰੇਜ਼ਾਂ ਦੀ ਖੂਬ ਮਿਟੀ ਰੋਲੀ। ਕੌਮੀ ਆਜ਼ਾਦੀ ਦੀਆਂ ਲਹਿਰਾਂ ਥਾਂ ਪਰ ਥਾਂ ਉਠ ਪਈਆਂ। ਜੰਗ ਦੇ ਖਾਤਮੇ ਪਿਛੋਂ ਪੈਦ ਹੋਈ ਸੋਸ਼ਲਿਸਟ ਚੇਤੰਨਤਾ ਨੇ ਬਸਤੀਆਂ ਨੂੰ ਗੁਲਾਮ ਰਖਣਾ ਅਸੰਭਵ ਬਣਾ ਦਿਤਾ।

ਹਾਰ ਤੋਂ ਵੀ ਬਦਤਰ ਜਿਹੜਾ ਜ਼ੋਰਦਾਰ ਸ਼ਰਮਨਾਕ ਅੰਗਰੇਜ਼ਾਂ ਨੂੰ ਮਿਲਿਆ, ਉਹ ਬਸਤੀਆਂ ਵਿਚ ਧੜਾ ਧੜ ਆ ਰਹੀ ਆਜ਼ਾਦੀ ਨੇ ਬਖੇਰ ਦਿਤਾ। ਇਉਂ ਬਸਤੀਆਂ ਵਿਚ ਭੇਜੇ ਡੱਗ-ਨੁਮਾ ਟੋਡੀ ਜਿਹਨਾਂ ਦੀ ਇਕੋ ਇਕ ਟਰੇਨਿੰਗ ਗੋਲੀ ਚਲਾਉਣਾ ਸੀ, ਲਖਾਂ ਦੀ ਗਿਣਤੀ 'ਚ ਨਕਾਰੇ ਹੋ ਗਏ। ਬਦਲੀ ਰਾਜਸੀ ਸਥਿਤੀ ਵਿਚ ਉਹ ਬੇਲੋੜੇ ਤੇ ਅਣਚਾਹੇ ਹੋ ਗਏ। ਜਮਾਤੀ ਤੌਰ ਤੇ ਬਸਤੀਆਂ 'ਚ ਬਹੁ-ਗਿਣਤੀ ਵੀ ਇਹਨਾਂ ਦੀ ਸੀ। ਇਸ ਲਈ ਵਡਾ ਨੁਕਸਾਨ ਵੀ ਇਹਨਾਂ ਦਾ ਹੀ ਹੋਣਾ ਲਾਜ਼ਮੀ ਸੀ। ਹਿੰਦੁਸਤਾਨ ਦੀ ਆਜ਼ਾਦੀ ਪਿਛੋਂ ਇਸ ਜਮਾਤ 'ਚੋਂ ਤਰਕੀ ਕਰਕੇ ਬਣੇ ਕਰਨਲ ਤੇ ਬਰਗੇਡੀਅਰ ਇੰਗਲੈਂਡ ਦੀਆਂ ਗਲੀਆਂ ਵਿਚ ਘਰ ਜਾਕੇ ਸੁਰਖੀ ਪੌਡਰ ਵੇਚਦੇ ਵੇਖੇ ਗਏ ਸਨ। (ਇਸ ਹਵਾਲੇ ਲਈ ਵੇਖੋ : (ਫਰੀਡਮ ਐਟ ਮਿਡ ਨਾਈਟ)।

ਜਮਾਤੀ ਤੌਰ ਤੇ ਬਸਤੀਆਂ ਦੀ ਆਜ਼ਾਦੀ ਨੇ ਡਗ ਕਾਲਿਨਜ਼ ਦੀ ਜਮਾਤ ਵਿਚ ਟਪਰੀ-ਵਾਸਾਂ ਵਰਗੀ ਖਵਾਰੀ ਪੈਦਾ ਕਰ ਦਿਤੀ। ਨਵੀਂ ਸਥਿਤੀ ਨਾਲ ਨਿਪਟਣ ਲਈ ਇਸ ਜਮਾਤ ਪਾਸ ਹੇਠ ਲਿਖੀਆਂ ਚੋਣਾਂ ਸਨ :

1. ਚੀਨਾਂ ਤਾਣ ਦਮ ਘੁਟਕੇ ਤੇ ਸਿਰ ਨੀਵਾਂ ਕਰਕੇ ਬਸਤੀਆਂ ਵਿਚ ਹੀ ਦਿਨ ਕਟੀ ਕਰਨੀ।

2. ਰਫਲਾਂ ਮੋਢਿਆਂ ਤੇ ਰਖਣ ਦੀ ਬਜਾਏ ਲੁਕਾ ਛੁਪਾ ਕੇ ਭਜਣਾ ਤੇ ਆਸਟਰੇਲੀਆ, ਨਿਊਜ਼ੀਲੈਂਡ, ਕੈਨੇਡਾ ਆਦਿ ਜਹੇ ਚਿੱਟੇ ਮੁਲਕਾਂ ਵਿਚ ਪੁਜਕੇ ਸਾਹ ਲੈਣਾ।

3) ਵਾਪਸ ਇੰਗਲੈਂਡ ਜਾਣਾ ਤੇ ਫਿਰ ਫੈਕਟੀਆਂ ਤੇ ਚਿਮਨੀਆਂ ਦੇ ਧੂੰਵੇਂ ਦੇ ਮੂੰਹ ਲਗਣਾ।

ਇਸ ਸਥਿਤੀ ਤੋਂ ਵਡੀ ਮਾਯੂਸੀ ਇਸ ਜਮਾਤ ਨੂੰ ਇਹ ਵੀ ਹੋਈ ਕਿ ਜਿਹੜੇ ਚਾਰ ਛਿਲੜ ਬਸਤੀਆਂ ਵਿਚ ਜੋੜੇ ਸਨ ਉਹ ਵੀ ਉਥਲ ਪੁਥਲ ਵਿਚ ਖਰਚ ਹੋਣੇ ਜ਼ਰੂਰੀ ਹੋ ਗਏ।

ਇਸ ਸਾਰੀ ਹਿੱਲ-ਜੁਲ ਕਾਰਨ ਇਸ ਜਮਾਤ ਦੇ ਕੁਝ ਕਾਲਿਨਜ਼-ਨੁਮਾ ਵਿਅਕਤੀ ਦਿਮਾਗੀ ਬੀਮਾਰੀ ਦੇ ਰੋਗੀ ਹੋ ਗਏ। ਅਜਿਹਾ ਹੋਣਾ ਲਾਜ਼ਮੀ ਸੀ। ਇਸ ਦਾ ਇਕ ਸਿੱਟਾ ਇਹ ਹੋਇਆ ਕਿ ਬਸਤੀਆਂ ਦੇ ਲੋਕਾਂ ਨਾਲ ਇਹਨਾਂ ਨੂੰ ਸਦੀਵੀ ਨਫਰਤ ਦੀ ਵਿਦਿਆ ਇਨ੍ਹਾਂ ਨੂੰ ਦਿਤੀ ਜਾਂਦੀ ਸੀ। ਹੌਲੀ ਹੌਲੀ ਇਹ ਇਹਨਾਂ ਦੇ ਦਿਮਾਗ ਦਾ ਹਿੱਸਾ ਬਣ ਗਈ।

ਜਿਨ੍ਹਾਂ ਦੀ ਬੀਮਾਰੀ ਪਾਗਲ-ਪਨ ਤਕ ਪੁਜੀ ਹੋਈ ਸੀ ਉਹ ਇਗਲੈਂਡ ਵਿਚ ਵੀ ਬਹੁਤ ਦੇਰ ਤਕ ਨਾ ਟਿੱਕ ਸਕੇ।

ਅਜਿਹੇ ਹਜ਼ਾਰਾਂ 'ਪਹਾੜੇ ਦੇ ਟੱਟੂ' (Soldiers of Fortune) ਬਣਕੇ ਏਸ਼ੀਆ ਤੇ ਅਫਰੀਕਾ ਦੀਆਂ ਬਸਤੀਆਂ ਘੁੰਮਣ ਲਗੇ। ਸੀ. ਆਈ. ਏ. ਨੇ ਅਜਿਹੇ ਹਜ਼ਾਰਾਂ 'ਪਹਾੜੇ ਦੇ ਟੱਟੂ ਭਰਤੀ ਕਰਕੇ ਅਫਰੀਕਾ, ਏਸ਼ੀਆ, ਲੈਟਿਨ ਅਮਰੀਕਾ ਵਿਚ ਕੌਮੀ ਆਜ਼ਾਦੀ ਦੀਆਂ ਲਹਿਰਾਂ ਨੂੰ ਕੁਲਚਣ ਲਈ ਵਰਤੇ, ਬਹੁਤ ਸਾਰਿਆਂ ਨੂੰ ਆਜ਼ਾਦੀ ਦੇ ਜੁਝਾਰੂਆਂ ਤੇ ਗੁਰੀਲਿਆਂ ਦੀਆਂ ਗੋਲੀਆਂ ਨਾਲ ਦਿਮਾਗੀ ਬੀਮਾਰੀ ਤੋਂ ਛੁਟਕਾਰਾ ਮਿਲਿਆ। ਕੁਝ ਨੇ ਆਜ਼ਾਦੀ ਦੀਆਂ ਲਹਿਰਾਂ ਥੋੜੀ ਦੇਰ ਲਈ ਕੁਚਲਕੇ ਦਿਮਾਗੀ ਰੋਗੀ ਹੋਣਾ ਸਿੱਧ ਕੀਤਾ ਅਤੇ ਸੀ. ਆਈ. ਏ. ਵਰਗੀਆਂ ਮਨਹੂਸ ਲੋਕ-ਵਿਰੋਧੀ ਏਜੰਸੀਆਂ ਦੇ ਟੁਕੜਿਆਂ ਤੇ ਪਲਣਾ ਆਰੰਭ ਕੀਤਾ। ਕੁਝ ਡੱਗ ਕਾਲਿਨਜ਼ ਵਾਂਗ ਪੇਸ਼ਾ ਬਦਲਕੇ ਇਹ ਨੁਕਸਾਨ ਅਰਬਾਂ ਪਤੀ ਅਖਬਾਰੀ ਮਾਫੀਆ ਨਾਲ ਰਲਕੇ ਕਰ ਰਹੇ ਹਨ। ਇਉਂ ਡੱਗ ਕਾਲਿਨਜ਼ ਦੀ ਦਿਮਾਗੀ ਬੀਮਾਰੀ ਉਸਦੇ ਜਮਾਤੀ ਕਰਦਾਰ ਦੀ ਦੇਣ ਹੈ। ਜਮਾਤੀ ਕਰਦਾਰ ਦੇ ਵਿਸ਼ਲੇਸ਼ਣ ਤੋਂ ਬਿਨਾਂ ਉਸ ਦੀ ਬੀਮਾਰੀ ਦੀ ਗਲ ਕਰਨਾ ਰੋਗ ਲਭੇ ਬਿਨਾਂ ਉਪਰੇਸ਼ਨ ਕਰਨ ਵਾਲੀ ਗਲ ਹੈ।

# ਆਜ਼ਾਦੀ ਦੇ ਦਾਅਵੇਦਾਰਾਂ ਦੀ ਕਚਹਿਰੀ

■ 15 ਅਗਸਤ, 1948

ਆਜ਼ਾਦੀ ਦੇ ਦਾਅਵਿਆਂ ਸੰਬੰਧੀ ਕਚਹਿਰੀ ਲਗੀ ਹੋਈ ਹੈ। ਦਾਅਵੇਦਾਰ ਇਕ ਨਹੀਂ, ਬਹੁਤ ਸਾਰੇ ਹਨ, ਜੋ ਕਹਿੰਦੇ ਹਨ ਕਿ ਭਾਰਤ ਦੀ ਆਜ਼ਾਦੀ ਅਸੀਂ ਲਿਆਂਦੀ ਹੈ। ਰੱਟੇ ਦਾ ਨਕਤਾ ਹੈ : ਭਾਰਤ ਦੀ ਆਜ਼ਾਦੀ ਕਿਸ ਨੇ ਲਿਆਂਦੀ ?

ਹਾਜ਼ਰ ਹੁੰਦੀ ਹੈ ਨੰ: 1 ਦਾਅਵੇਦਾਰ—ਕਾਂਗਰਸ

ਕਾਂਗਰਸ : ਭਾਰਤ ਦੀ ਅਜ਼ਾਦੀ ਲਿਆਉਣ ਦਾ ਮੈਂ ਦਾਅਵਾ ਕਰਦੀ ਹਾਂ।

ਅਦਾਲਤ : ਕੀ ਤੂੰ ਆਪਣੇ ਦਾਅਵੇ ਲਈ ਸਬੂਤ ਪੇਸ਼ ਕਰ ਸਕਦੀ ਹੈ।

ਕਾਂਗਰਸ : ਮੇਰਾ ਦਾਅਵਾ ਤਾਂ ਪਹਿਲਾਂ ਹੀ ਸਥਾਪਤ ਹੋ ਚੁੱਕਿਐ। ਮੈਂ ਤਾਂ ਅੰਗਰੇਜ਼ਾਂ ਦੀ ਸਿੱਧੀ ਜਾਨ-ਸ਼ੀਨ ਹਾਂ। ਅੱਜ ਕਲ੍ਹ ਮੈਂ ਸਰਕਾਰ ਹਾਂ। ਨਾ ਸੱਚ, ਰਾਜ ਹਾਂ।

ਅਦਾਲਤ : ਤੂੰ ਆਪਣੀ ਅਜ਼ਾਦੀ ਕਿਵੇਂ ਲਿਆਂਦੀ ?

ਕਾਂਗਰਸ : ਪੱਕਾ ਤਾਂ ਮੈਨੂੰ ਪਤਾ ਨਹੀਂ ਕਿ ਇਹ ਕਿਵੇਂ ਆਈ, ਕਿਉਂ ਕਿ ਮੈਂ ਤਾਂ ਸਾਰਾ ਸਮਾਂ ਜੇਲ 'ਚ ਹੀ ਰਹੀ ਆਂ। ਕੌਮ-ਪਿਤਾ, ਮਹਾਤਮਾਂ ਗਾਂਧੀ ਨੇ ਇਹ ਮੇਰੇ ਵਾਸਤੇ ਲਿਆਂਦੀ।

ਅਦਾਲਤ : ਕੀ ਤੂੰ ਕੁਝ ਕੁਰਬਾਨ ਕੀਤਾ ਹੈ ?

ਕਾਂਗਰਸ : (ਇਕ ਪਾਸੇ ਜਿਹੇ) ਕਿਆ ਫਜ਼ੂਲ ਸਵਾਲ ਹੈ।

ਅਦਾਲਤ : ਮੇਰਾ ਜਵਾਬ ਦੇ।

ਕਾਂਗਰਸ : ਮੇਰੀ ਸਾਰੀ ਜ਼ਿੰਦਗੀ ਕੁਰਬਾਨੀ ਦੀ ਦਾਸਤਾਨ ਹੈ। ਮੈਂ ਆਪਣੀ ਜ਼ਿੰਦਗੀ ਦੇ ਕੀਮਤੀ ਗੈਰ-ਉਪਜਾਊ ਸਾਲ (ਏ ਕਲਾਸ) ਜੇਲ੍ਹ 'ਚ ਕੁਰਬਾਨ ਕੀਤੇ। ਮੈਂ ਆਪਣੇ ਸ਼ਾਨਦਾਰ ਬਸਤਰਾਂ ਦੀ ਬਲੀ ਦੇ ਕੇ ਖੁਰਦਰਾ [illegible] ਰ ਹੰਢ ਇਆ। ਸਖਤ ਘਾਲਣਾ ਘਾਲ [illegible] ਅਪਣਾਈ ਅੰਗਰੇਜ਼ੀ ਸੁਰ ਦੀ ਬਲੀ ਦੇ ਕੇ ਮੈਂ ਗੰਵਾਰ ਹਿੰਦੀ ਸਿੱਖੀ। ਕਾਂਗਰਸ ਸਰਕਾਰ ਅੰਦਰ ਵਜ਼ੀਰ ਬਣਨ ਦੀ ਆਸ ਵਿਚ ਮੈਂ ਬੜੀਆਂ ਆਸਾਂ ਭਰੀ ਵਕਾਲਤ ਦੀ ਬਲੀ ਦੇ ਦਿੱਤੀ। ਮੈਂ ਬਲੀ ਦੇ ਦਿ........

ਅਦਾਲਤ : ਬਸ, ਬਸ। ਕੀ ਤੂੰ ਅਜ਼ਾਦੀ ਜਿੱਤਣ ਲਈ ਕੋਈ ਲੜਾਈ ਲੜੀ ?

ਕਾਂਗਰਸ : ਆਖਰੀ ਜੰਗ ਵਿਚ ਹਿੱਸਾ ਲੈਣ ਤੋਂ ਮੈਨੂੰ ਕਾਂਗਰਸ ਦੇ ਮਤੇ ਨੇ ਵਰਜਿਤ ਕਰ ਦਿੱਤਾ ਸੀ। ਵਰਨਾ, ਮੈਂ ਗੈਰ-ਹਿੰਸਕ ਹਥਿਆਰਾਂ ਦੀ ਵਰਤੋਂ ਕਰਕੇ ਸੱਤਿਆਗ੍ਰਹਿ ਦੀ ਲੜਾਈ ਲੜਦੀ ਰਹੀ ਹਾਂ, ਜਿਹੜੇ ਹਥਿਆਰ ਮਸ਼ੀਨ-ਗੰਨਾਂ ਤੋਂ ਵੀ ਵੱਧ ਕਾਰਗਰ ਸਾਬਤ ਹੋਏ ਹਨ। ਇਥੋਂ ਤਕ ਕਿ ਅੰਗਰੇਜ਼ਾਂ ਨੂੰ ਪੂਰੀ ਤਰ੍ਹਾਂ ਨਿਰਾਸ਼ਾ ਅਤੇ ਹਾਰ ਵਿਚ ਭਾਰਤ 'ਚੋਂ ਕੂਚ ਕਰਨਾ ਪਿਆ।

ਬਰਤਾਨਵੀ ਸਾਮਰਾਜਵਾਦ : ਇਤਰਾਜ਼।

ਅਦਾਲਤ : ਤੂੰ ਕੌਣ ਹੈਂ ਅਤੇ ਤੇਰਾ ਕੀ ਇਤਰਾਜ਼ ਹੈ ?

ਬਰਤਾਨਵੀ ਸਾਮਰਾਜਵਾਦ : ਮੈਨੂੰ ਪਛਾਣਿਆ ਨਹੀਂ ? ਠੀਕ ਇਕ ਸਾਲ ਪਹਿਲਾਂ, ਮੈਂ ਇਸ ਧਰਤੀ ਦਾ ਸ਼ਹਿਨਸ਼ਾਹ ਅਤੇ ਮਾਲਕ ਸੀ। ਅੰਗਰੇਜ਼ਾਂ ਨੂੰ ਹਰਾਉਣ ਅਤੇ ਇਖ਼ਲਾਕੀ ਜਾਂ ਜਿਸਮਾਨੀ ਤਾਕਤ ਨਾਲ ਸਾਨੂੰ ਕੱਢ ਦੇਣ ਦੀ ਕਾਂਗਰਸੀ ਫੜ੍ਹ 'ਤੇ ਮੈਨੂੰ ਇਤਰਾਜ਼ ਹੈ। ਸੱਚ ਤਾਂ ਇਹ ਹੈ ਕਿ ਮੈਂ ਏਥੋਂ ਛੱਡ ਕੇ ਜਾਣ ਦਾ ਫੈਸਲਾ ਆਪ ਕੀਤਾ ਹੈ। ਕਿਉਂ ਕਿ ਇਹ ਸਲਤਨਤ ਹੁਣ ਹੋਰ ਮੁਨਾਫ਼ੇ ਨਹੀਂ ਦੇ ਰਹੀ ਸੀ, ਇਸ ਲਈ ਮੈਂ ਇਹ ਅਜ਼ਾਦੀ ਭਾਰਤ ਨੂੰ ਵਿੱਛੜਣ ਲੱਗਿਆਂ ਇਕ ਬਖ਼ਸ਼ੀਸ਼ ਵਜੋਂ ਦਿੱਤੀ। ਅਸਲ ਗੱਲ ਇਹ ਹੈ, ਭਾਰਤੀਆਂ ਦੀਆਂ ਸਭ ਵਾਂ ਨੂੰ ਧਿਆਨ 'ਚ ਰਖਦਿਆਂ ਹੋਇਆਂ ਬਖ਼ਸ਼ੀਸ਼ ਦੇਣ ਦੀ ਇਹ ਪੂਰਬੀ ਕਲਾ ਮੈਂ ਭਾਰਤ ਵਿਚ ਹੀ ਸਿੱਖੀ। ਮੈਨੂੰ ਕਾਂਗਰਸ ਦੇ ਇਸ ਦਾਅਵੇ 'ਤੇ ਵੀ ਇਤਰਾਜ਼ ਹੈ ਕਿ ਇਸਨੇ ਪਾਕਿਸਤਾਨ, ਲੰਕਾ ਤੇ ਬਰਮਾ ਲਈ ਅਜ਼ਾਦੀ ਲਿਆਂਦੀ। (ਬਰਮਾ ਨੇ ਭਾਰਤ ਤੋਂ ਪਹਿਲਾਂ ਹੀ ਆਪਣੀ ਅਜ਼ਾਦੀ ਦਾ ਐਲਾਨ ਕਰ ਦਿੱਤਾ, ਜਦੋਂ ਕਿ ਇਹਦਾ ਅਜੇ ਸੰਵਿਧਾਨ ਵੀ ਤਿਆਰ ਨਹੀਂ ਹੋਇਆ) ਅਜ਼ਾਦੀ ਲਈ ਇਹਨਾਂ ਦੇਸ਼ਾਂ ਵਿਚੋਂ ਕਿਸੇ ਨੇ ਵੀ ਜੇਲ੍ਹ ਨਹੀਂ ਭੋਗੀ।

ਅਦਾਲਤ : ਇਤਰਾਜ਼ ਨੋਟ ਕਰ ਲਿਆ ਗਿਆ ਹੈ। ਅਗਲਾ ਦਾਅਵੇਦਾਰ !

ਸੰਨ 1942 ਦਾ ਅੰਡਰ ਗਰਾਊਂਡ ਵਰਕਰ ਹਾਜ਼ਰ ਹੁੰਦਾ ਹੈ

ਅਦਾਲਤ : ਤੂੰ ਕੌਣ ਹੈ ?

ਅੰਡਰ ਗਰਾਊਂਡ ਵਰਕਰ : ਮੈਂ ਇਕ ਅੰਡਰ ਗਰਾਊਂਡ ਵਰਕਰ ਹਾਂ।

ਅਦਾਲਤ : ਕੀ ਤੂੰ ਕੋਲਾ-ਖਾਣ ਮਜ਼ਦੂਰ ਹੈ ?

ਅੰਡਰ ਗਰਾਊਂਡ ਵਰਕਰ : ਨਹੀਂ, ਮੈਂ 1942 ਦੀ ਲਹਿਰ ਦਾ ਅੰਡਰ ਗਰਾਊਂਡ ਵਰਕਰ ਹਾਂ। ਮੈਂ ਅੰਡਰ ਗਰਾਊਂਡ ਹੋ ਗਿਆ ਸੀ, ਜਦੋਂ ਕਿ ਦੂਸਰੇ ਜਾਂ ਤਾਂ ਜੇਲ੍ਹ ਦੀ ਸੁਰੱਖਿਆ 'ਚ

ਜਾਂ ਪੁਲਸ ਦੀਆਂ ਖੁਲ੍ਹੇਆਮ ਚਲਦੀਆਂ ਗੋਲੀਆਂ ਦੇ ਖ਼ਤਰੇ 'ਚ ਬਾਹਰ ਹੀ ਰਹੇ।

**ਅਦਾਲਤ :** ਤੂੰ ਅੰਡਰ ਗਰਾਊਂਡ ਹੋ ਕੇ ਕੀ ਕੁਝ ਕੀਤਾ ?

**ਅੰਡਰ ਗਰਾਊਂਡ ਵਰਕਰ :** ਮੈਂ ਜ਼ਮੀਨ ਦੇ ਹੇਠਾਂ ਇਨ-ਕਲਾਬ ਲਿਆਂਦਾ, ਜਿਸ ਨੇ ਬਰਤਾਨਵੀ ਸਲਤਨਤ ਦੇ ਗੰਦੇ ਨਾਲਿਆਂ ਦੇ ਸਮੁੱਚੇ ਪ੍ਰਬੰਧ ਨੂੰ ਹਲੂਣ ਦਿੱਤਾ। "ਭਾਰਤ ਵਿਚ ਕਿਸੇ ਥਾਂ ਮੇਰੇ ਅੰਡਰ ਗਰਾਊਂਡ ਹੈੱਡ ਕੁਆਟਰਾਂ 'ਚੋਂ ਮੈਂ ਉਦੋਂ ਦੇ ਭਾਰਤੀ ਵਾਇਸਰਾਏ 'ਤੇ ਖੁਲ੍ਹੀਆਂ ਚਿਠੀਆਂ ਦੇ ਗੋਲੇ ਦਾਗੇ। ਹੁਣ, ਕਿਉਂਕਿ ਉਹ ਅਜ਼ਾਦੀ ਮਿਲ ਗਈ ਹੈ, ਇਸ ਲਈ ਮੈਂ "ਆਪਣੇ ਆਪ ਨੂੰ ਭਾਲ ਲਿਆਇਆ" ਹਾਂ ਅਤੇ ਇਸ ਨੂੰ ਜਿੱਤਣ ਦੇ ਸਿਹਰੇ ਦਾ ਦਾਅਵਾ ਕਰਦਾ ਹਾਂ।

**ਅਦਾਲਤ :** ਅਗਲਾ ਦਾਅਵੇਦਾਰ।

**ਆਈ ਐਨ. ਏ. ਹਾਜ਼ਰ ਹੁੰਦੀ ਹੈ (ਇਸ ਨੂੰ ਸ਼ਹਿਰੀ ਹਵਾਬਾਜ਼ੀ ਨਾਲ ਰਲਗੱਡ ਨਾ ਕਰਨਾ)**

**ਅਦਾਲਤ :** ਤੂੰ ਕੌਣ ਹੈਂ ਅਤੇ ਤੂੰ ਪਾਟੀ ਪੁਰਾਣੀ ਫ਼ੌਜੀ ਵਰਦੀ ਕਿਉਂ ਪਹਿਨੀ ਹੋਈ ਹੈ ?

**ਆਈ. ਐਨ. ਏ. :** ਮੈਂ ਨੇਤਾ ਜੀ ਸੁਭਾਸ਼ ਬੋਸ ਦੀ ਆਈ. ਐਨ. ਏ. ਹਾਂ। ਜਦੋਂ ਤੋਂ ਮੈਂ ਭਾਰਤ 'ਤੇ ਚੜ੍ਹਾਈ ਕੀਤੀ ਹੈ, ਮੈਂ ਕਪੜੇ ਨਹੀਂ ਬਦਲੇ ਹਨ, ਏਸ ਲਈ ਮੈਂ ਪਾਟੇ ਪੁਰਾਣੇ ਹੀ ਪਹਿਨ ਰੱਖੇ ਹਨ। ਖੈਰ, ਮੈਂ ਤਾਂ ਆਪਣਾ ਦਾਅਵਾ ਕਰਨ ਆਈ ਹਾਂ। ਮੈਂ ਭਾਰਤੀ ਅਜ਼ਾਦੀ ਦੀ ਪੂਰਵਜ ਹਾਂ। ਪਿਛਲੇ ਸਾਲ 15 ਅਗਸਤ ਨੂੰ ਦਿੱਲੀ ਦੇ ਲਾਲ ਕਿਲੇ 'ਤੇ ਤਿਰੰਗਾ ਝੰਡਾ ਲਹਿਰਾਏ ਜਾਣ ਤੋਂ ਢੇਰ ਚਿਰ ਪਹਿਲਾਂ ਮੈਂ ਅਜ਼ਾਦ ਕੋਹੀਮਾ ਵਿਖੇ ਭਾਰਤ ਦਾ ਕੌਮੀ ਝੰਡਾ ਲਹਿਰਾਇਆ।

[ਕਾਰਵਾਈ 'ਚ ਵਿਘਨ ਪੈ ਜਾਂਦਾ ਹੈ। ਅਦਾਲਤ ਦੇ ਕਮਰੇ 'ਚ ਘੁਸ ਰਹੇ, ਭੁਖੇ ਦਿਖਾਈ ਦੇ ਰਹੇ ਇਕ ਮਾੜਕੂ ਜਿਹੇ ਬੰਦੇ ਨੂੰ ਪਹਿਰੇਦਾਰ ਰੋਕ ਰਹੇ ਹਨ।]

**ਅਦਾਲਤ :** (ਹਮਦਰਦੀ ਨਾਲ) ਉਹ! ਵਿਚਾਰਾ ਰਫ਼ੂਜੀ ਮੁਜ਼ਾਹਰਾਕਾਰੀ ਲਗਦਾ ਹੈ। ਜੇਕਰ ਉਹ ਗੈਰ-ਹਿੰਸਕ ਹੈ ਤੇ ਇਨਸਾਫ਼ ਦੀ ਪੈਰਵਾਈ ਲਈ ਕੋਈ ਖ਼ਤਰਾ ਨਹੀਂ, ਤਾਂ ਉਸਨੂੰ ਅੰਦਰ ਆਉਣ ਦਿਓ।

[ਮਾੜਕੂ ਜਿਹਾ ਭੁੱਖਾ ਆਦਮੀ ਦਾਖ਼ਲ ਹੁੰਦਾ ਹੈ ਅਤੇ ਫਰਸ਼ 'ਤੇ ਗਸ਼ ਖਾ ਕੇ ਡਿਗ ਪੈਂਦਾ ਹੈ।]

**ਅਦਾਲਤ :** (ਤਰਸ ਨਾਲ) ਵਿਚਾਰਾ ਗਰੀਬ ਢੇਰੀ ਹੋ ਗਿਆ ਹੈ। ਸੁਰਤ ਸੰਭਲਣ ਵਾਸਤੇ ਉਹਨੂੰ ਕੁਝ ਦਿਓ। ਉਸਨੂੰ ਬਰਾਂਡੀ ਦਿਓ।

**ਪਹਿਰੇਦਾਰ :** (ਨਮੋਸ਼ੀ ਨਾਲ) ਹਜ਼ੂਰ, ਅਜ਼ਾਦੀ ਦਾ ਦਿਨ ਹੋਣ ਕਰਕੇ ਅੱਜ ਤਾਂ ਪੀਣੀ ਬੰਦ ਹੈ।

[ਮਾੜਕੂ ਭੁੱਖੇ ਆਦਮੀ ਦੀ ਸੁਰਤ ਕਿਸੇ ਨਸ਼ੇ ਦੀ ਸਹਾਇਤਾ ਤੋਂ ਬਗੈਰ ਹੀ ਸੰਭਲ ਜਾਂਦੀ ਹੈ।]

**ਅਦਾਲਤ :** ਮਾੜਕੂ ਭੁੱਖੇ ਆਦਮੀ, ਕੀ ਤੂੰ ਕੁਝ ਕਹਿਣਾ ਚਾਹੁੰਦਾ ਹੈਂ ?

**ਮਾੜਕੂ ਭੁੱਖਾ ਆਦਮੀ :** ਹਜ਼ੂਰ, ਮੈਂ ਰਫ਼ੂਜੀ ਮੁਜ਼ਾਹਰਾਕਾਰੀ ਨਹੀਂ ਹਾਂ। ਮੈਂ ਇਕ ਗਰੀਬ ਆਦਮੀ ਹਾਂ। ਮੈਂ ਤਾਂ ਇਸ ਅਜ਼ਾਦੀ ਦੇ ਦਰਸ਼ਨ ਕਰਨ ਲਈ ਬਹੁਤ ਦੂਰੋਂ ਪੈਦਲ ਚੱਲ ਕੇ ਆਇਆ ਹਾਂ ਜਿਸ ਵਾਸਤੇ ਹਜ਼ੂਰ ਕੋਲ ਬਹੁਤ ਸਾਰੇ ਵਿਰੋਧੀ ਦਾਅਵੇ ਪੇਸ਼ ਹੋਏ ਹਨ।

**ਅਦਾਲਤ :** ਮਾੜਕੂ ਭੁੱਖੇ ਆਦਮੀ ਤੇਰੀ ਚਾਹਣਾ ਜ਼ਰੂਰ ਪੂਰੀ ਕੀਤੀ ਜਾਵੇਗੀ। ਅਜ਼ਾਦੀ ਹੁਣੇ ਤੇਰੇ ਸਾਹਮਣੇ ਪਹੁੰਚ ਜਾਵੇਗੀ। (ਕਲਰਕ ਨੂੰ ਸੰਬੋਧਨ ਕਰਕੇ) ਅਜ਼ਾਦੀ ਨੂੰ ਪੇਸ਼ ਕਰੋ

[ਕਲਰਕ ਬਾਹਰ ਚਲਿਆ ਜਾਂਦਾ ਹੈ ਤੇ ਖਾਲੀ ਹੱਥ ਵਾਪਸ ਮੁੜ ਆਉਂਦਾ ਹੈ।]

**ਅਦਾਲਤ :** ਅਜ਼ਾਦੀ ਕਿਥੇ ਹੈ?

**ਕਲਰਕ :** ਅਜ਼ਾਦੀ ਗ਼ਾਇਬ ਹੈ। ਜਾਂ ਵੱਧ ਸੰਭਾਵਨਾ ਹੈ ਕਿ ਇਸ 'ਤੇ ਦਰਅਸਲ ਕਦੇ ਕਬਜ਼ਾ ਹੀ ਨਾ ਕੀਤਾ ਗਿਆ ਹੋਵੇ।

**ਅਦਾਲਤ :** ਕੀ ? ਕੀ ਉਹ ਮੁੱਦਾ ਹੀ ਗ਼ਾਇਬ ਹੈ ਜਿਸ ਬਾਰੇ ਮੈਂ ਇਹ ਸਾਰੇ ਦਾਅਵੇ ਸੁਣ ਰਿਹਾ ਹਾਂ? ਅਹਿਲਕਾਰ ਨੂੰ ਸੱਦੋ।

[ਅਹਿਲਕਾਰ ਦਾਖ਼ਲ ਹੁੰਦਾ ਹੈ।]

**ਅਦਾਲਤ :** ਅਹਿਲਕਾਰ, ਆਹ ਤਲਾਸ਼ੀ ਦੇ ਵਰੰਟ ਲੈ ਜਾਓ ਤੇ ਦੇਸ ਵਿਚੋਂ ਇਸ ਦੀ ਭਾਲ ਕਰੋ। ਜਿਥੇ ਕਿਤੇ ਵੀ ਆਜ਼ਾਦੀ ਮਿਲੇ ਉਹਨੂੰ ਕਾਬੂ ਕਰ ਲਓ ਤੇ ਏਥੇ ਪੇਸ਼ ਕਰੋ। ਓਦੋਂ ਤਕ ਦੁਪਹਿਰ ਦੇ ਖਾਣੇ ਲਈ ਅਦਾਲਤ ਮੁਲਤਵੀ ਕੀਤੀ ਜਾਂਦੀ ਹੈ।

[ਅਦਾਲਤ ਦੁਪਹਿਰ ਦੇ ਖਾਣੇ ਮਗਰੋਂ ਮੁੜ ਬੈਠਦੀ ਹੈ। ਅਹਿਲਕਾਰ ਖਾਲੀ ਹੱਥੀਂ ਮੁੜ ਆਉਂਦਾ ਹੈ।]

**ਅਦਾਲਤ :** ਅਜ਼ਾਦੀ ਕਿੱਥੇ ਹੈ ?

**ਅਹਿਲਕਾਰ :** ਹਜ਼ੂਰ, ਇਹ ਕਿਧਰੇ ਵੀ ਨਹੀਂ ਮਿਲੀ। ਅਜ਼ਾਦੀ ਦੀ ਭਾਲ 'ਚ ਮੈਂ ਦੇਸ ਦਾ ਕੋਨਾ ਕੋਨਾ ਛਾਣ ਮਾਰਿਆ, ਪਰ ਸਭ ਵਿਅਰਥ।

**ਅਦਾਲਤ :** ਕੀ ਤੂੰ ਮੁਕੰਮਲ ਤਲਾਸ਼ ਕੀਤੀ ਹੈ ?

**ਅਹਿਲਕਾਰ :** ਮੈਂ ਹਰ ਥਾਂ ਗਿਆ, ਹਰ ਕਿਸੇ ਕੋਲ ਗਿਆ। ਇਹ ਕਿਧਰੇ ਵੀ ਨਹੀਂ, ਇਹ ਕਿਸੇ ਕੋਲ ਵੀ ਨਹੀਂ, ਹਜ਼ੂਰ !

**ਅਦਾਲਤ :** ਪਰ ਕੀ ਅੱਜ ਲੋਕ ਅਜ਼ਾਦੀ ਦੇ ਜਸ਼ਨ ਨਹੀਂ ਮਨਾ ਰਹੇ ?

**ਅਹਿਲਕਾਰ :** ਜਸ਼ਨ ਮਨਾਏ ਜਾ ਰਹੇ ਹਨ, ਪਰ ਅਜ਼ਾਦੀ ਕਿਧਰੇ ਨਹੀਂ। ਹਜ਼ੂਰ, ਖਾਣ ਪੀਣ ਤੱਕ ਦੀ ਵੀ ਅਜ਼ਾਦੀ ਨਹੀਂ ਹੈ !

**ਅਦਾਲਤ :** (ਕੁਝ ਸੋਚ ਵਿਚਾਰ ਕਰ ਕੇ) ਉਹ! ਅਹਿਲਕਾਰ ਹੁਣ ਮੈਂ ਤੈਨੂੰ ਦਸਦਾ ਹਾਂ ਕਿ ਤੂੰ ਅਜ਼ਾਦੀ ਕਿਥੋਂ ਜਾ ਕੇ ਭਾਲੇਂ। ਕੈਬਨਿਟ ਮਨਿਸਟਰਾਂ ਦੇ ਘਰੀਂ ਜਾਓ। ਅਜ਼ਾਦੀ ਉੱਥੇ ਅਵੱਸ਼ ਹੋਵੇਗੀ।

**ਅਹਿਲਕਾਰ :** ਜਨਾਬ, ਮੈਂ ਪਹਿਲਾਂ ਹੀ ਉਥੇ ਹੋ ਆਇਆਂ ਹਾਂ ਤੇ ਉਨ੍ਹਾਂ ਦੇ ਘਰਾਂ ਦੁਆਲੇ ਸ਼ੱਕੀਆ ਹਾਲਤ ਵਿਚ ਮਟਰ-ਗਸ਼ਤ ਕਰਨ ਦੇ ਸ਼ੱਕ 'ਚ ਮੈਂ ਤਾਂ ਫੜਿਆ ਹੀ ਜਾਣਾ ਸੀ।

**ਅਦਾਲਤ :** ਜਦੋਂ ਅਦਾਲਤੀ ਵਰੰਟ ਤੇਰੇ ਕੋਲ ਸੀ, ਤਾਂ ਤੂੰ ਅੰਦਰ ਕਿਉਂ ਨਹੀਂ ਗਿਆ ? ਕੋਈ ਵੀ ਹਥਿਆਰਬੰਦ ਸੰਤਰੀ ਤੈਨੂੰ ਰੋਕ ਨਹੀਂ ਸੀ ਸਕਦਾ।

**ਅਹਿਲਕਾਰ :** ਮੈਂ ਅੰਦਰ ਗਿਆ ਸੀ, ਹਜ਼ੂਰ !

ਅਦਾਲਤ : ਓਥੇ, ਫੇਰ, ਅਜ਼ਾਦੀ ਮਿਲ ਗਈ ?

ਅਹਿਲਕਾਰ : ਨਹੀਂ, ਹਜ਼ੂਰ !

ਅਦਾਲਤ : ਕੀ ?

ਅਹਿਲਕਾਰ : ਸਾਡੇ ਮਾਣਯੋਗ ਮੰਤਰੀਆਂ ਨੂੰ ਆਪ ਤੁਰਨ ਫਿਰਨ ਦੀ ਖੁੱਲ੍ਹ ਨਹੀਂ । ਉਹ ਮਜ਼ਬੂਤ ਹਥਿਆਰਬੰਦ ਪਹਿਰੇਦਾਰਾਂ ਦੇ ਘੇਰੇ ਅੰਦਰ ਕੰਡਿਆਲੀ ਤਾਰ ਦੇ ਪਿੰਜਰਿਆਂ ਵਿੱਚ ਜੰਗਲੀ ਜਾਨਵਰਾਂ ਵਾਂਗ ਰਹਿੰਦੇ ਹਨ ।

ਅਦਾਲਤ : (ਸਭ ਨੂੰ ਸੰਬੋਧਨ ਕਰਕੇ) ਮੈਨੂੰ ਸੰਸਾ ਹੈ, ਜਿਸ ਅਜ਼ਾਦੀ ਲਈ ਹੁਣ ਤੱਕ ਦਾਅਵੇ ਕੀਤੇ ਗਏ ਹਨ ਉਸਦੀ ਹੋਂਦ ਤੋਂ ਬਿਨਾਂ ਸਾਰੇ ਦਾਅਵਿਆਂ ਦੀ ਹੁਣ ਤੱਕ ਕੀਤੀ ਗਈ ਸੁਣਵਾਈ ਪੂਰੀ ਤਰ੍ਹਾਂ ਅਦਾਲਤ ਦੇ ਅਧਿਕਾਰ-ਖੇਤਰ 'ਚੋਂ ਬਾਹਰ ਹੈ । ਮੈਂ ਅਹਿਲਕਾਰ ਨੂੰ ਵਾਪਸੀ ਦੇ ਵਰੰਟ ਦੇ ਕੇ ਬਾਹਰਲੇ ਦੇਸਾਂ ਨੂੰ ਭੇਜਦਾ ਹਾਂ ਤਾਂ ਕਿ ਉਹ ਉਥੇ ਜਾ ਕੇ ਵੱਖੋ ਵਖਰੇ ਭਾਰਤੀ ਸਫ਼ਾਰਤਖਾਨਿਆਂ ਦੀ ਤਲਾਸ਼ੀ ਲਵੇ ਅਤੇ ਦੇਖੇ ਕਿ ਕਿਤੇ ਸਾਡੇ ਸਫ਼ੀਰ ਬਾਹਰਲੇ ਦੇਸਾਂ ਵਿਚ ਅਜ਼ਾਦੀ ਦੀ ਮੁਨਿਆਦੀ ਕਰਨ ਲਈ ਇਸ ਨੂੰ ਨਾਲ ਨਾਂ ਲੈ ਗਏ ਹੋਣ। ਅਹਿਲਕਾਰ ਦੀ ਰਿਪੋਰਟ ਆਉਣ ਤੱਕ ਅਦਾਲਤ 15 ਅਗਸਤ, 1949 ਤਕ ਮੁਲਤਵੀ ਕੀਤੀ ਜਾਂਦੀ ਹੈ।

(ਸ਼ੰਕਰਜ਼ ਵੀਕਲੀ 'ਚੋਂ ਧੰਨਵਾਦ ਸਹਿਤ)


**For your next car — See B.C.'s leading GM Salesman**

ਜੇਕਰ ਤੁਸੀਂ ਨਵੀਂ ਕਾਰ ਜਾਂ ਵੈਨ ਲੈਣ ਦੇ ਚਾਹਵਾਨ ਹੋ ਜਾਂ ਪੁਰਾਣੀ ਗੱਡੀ ਬਦਲਣਾ ਚਾਹੁੰਦੇ ਹੋ ਤਾਂ ਫੋਨ ਕਰੋ।



FOR NEW & USED CARS
G.M.C. TRUCKS

remember **Gurcharn Singh Grewal**



BUS: 291–2266
RES: 669–9391

**CARTER GM**
CARTER PONTIAC BUICK LTD.
4550 Lougheed Hwy. Burnaby B.C.



*John Ross Insurance Service Ltd.*

1829 WEST BROADWAY, VANCOUVER, B.C. V6J 1Y5 TELEPHONE 731-5258

**Invites you to compare these home-owners' rates to what you are now paying**

| FOR ONLY $101 | FOR ONLY $138 | FOR ONLY $182 |
|---|---|---|
| $50,000 Home Owners | $75,000 Home Owners | $100,000 Home Owners |

**NOT ONLY THIS BUT FOR COMMERCIAL BUSINESS, ALSO WITH A-ONE SERVICE**

*FOR COMPLETE INSURANCE — GENERAL & LIFE* Autoplan

# *Remember When . . .*

There was a time when Sun Life simply handled life insurance. Times have changed and so have we. Today with so many types of insurance available, you have to be knowledgeable to choose the one just right for you. I'd like to help you make that choice. Let me use my knowledge and experience to help you with your personal financial planning. Call me today, and you'll see why personal service is my assurance of satisfied customers.



MOHINDAR S. GILL, B.COMM., M.B.A., C.G.A.

VANCOUVEK ROYAL CENTRE BRANCH
SUN LIFE ASSURANCE COMPANY OF CANADA
730 - 1055 W. GEORGIA ST.
VANCOUVER 5, B.C.

Please send me complete information on the above Sun Life Plan. I understand there is no obligation.

Name ..................

Address ................

City ...................

Province ...............

**Get your life in shape.**
**SUN LIFE**

Telephone: Off: 682-8441
Res: 433-1684

---

## *PAUL'S PLUMBING & ELECTRICAL SUPPLY*

**PLUMBING & BATHROOM FIXTURES & SUPPLIES**
**HOT WATER TANKS**
**HOT WATER HEATING & SUPPLIES**





ਖੁਸ਼ਖਬਰੀ! ਤੁਹਾਡੀ ਜ਼ਰੂਰਤ ਲਈ ਪਲੰਬਿੰਗ
ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ
ਆਪਣੇ ਭਾਈ ਓਮ ਪਾਲ ਵੱਲੋਂ 32
ਐਵੇਨਿਊ ਲਾਗੇ 4774 ਮੇਨ ਸਟਰੀਟ
ਤੇ ਸੱਤੇ ਦਿਨ ਖੁੱਲਾ ਰਹਿੰਦਾ ਹੈ। ਸਸਤੇ
ਰੇਟਾਂ ਤੇ ਉਨ੍ਹਾਂ ਦੀ ਸੇਵਾ ਤੋਂ ਲਾਭ
ਉਠਾਓ।

**English - Punjab - Hindi Spoken**
**4774 Main St (at 32nd)**
**Vancouver ● 872-3118**
**Open Sunday — Parking at rear.**

---

## KAMLA'S JEWELLERS

**(New store)**

**EAR PIN**



**NOSE PIN**

**REPAIRS OF ORIENTAL GOLD, DIAMOND & SILVER JEWEL SPECIALISTS IN EAST INDIAN JEWELLERY CRAFTSMANSHIP AND ENGRAVING**

**R. H. PACHCHIGAR**
**J.H. PACHCHIGAR**

**RES: 879-2666**

**BUS: 872-1725**

**4412 MAIN ST. at 28th**
**VANCOUVER, B.C.**

**OPEN: 9:00 a.m. - 7:30 p.m.**

# ਅੱਠਵੀਂ ਸਰਬ ਬਰਤਾਨੀਆਂ ਪੰਜਾਬੀ ਕਾਨਫਰੰਸ ਦੇ ਨਾਂ

-ਰਣਜੀਤ ਢੈਪਰੀਆ

ਇੰਡੀਆਂ ਤੋਂ ਇੰਗਲੈਂਡ ਵਸਦੇ ਪੰਜਾਬੀ ਲਿਖਾਰੀ ਭਾਵੇਂ ਉਹ ਵੱਖ ਵੱਖ ਵਰਗਾਂ ਚੋਂ ਆਏ ਹਨ, ਇਥੋਂ ਦੇ ਵਿਅਕਤੀਵਾਦੀ ਮਾਹੌਲ ਅਤੇ ਨਿੱਜੀ ਲਾਭਾਂ ਦੀ ਕਸ਼ਮਕਸ਼ ਵਿਚ ਘਿਰਿਆਂ ਹੋਇਆਂ ਵੀ ਉਨ੍ਹਾਂ ਪੰਜਾਬੀ ਸਾਹਿਤ ਦਾ ਅਧਿਐਨ ਕੀਤਾ ਹੈ। ਮਿਹਨਤ ਵੇਚਦਿਆਂ ਅਮਲ 'ਚ ਪਏ ਹਨ। ਹਕੀਕਤਾਂ ਤੋਂ ਨੇੜਿਓਂ ਹੋ ਕੇ ਜਾਣੂ ਹੋਏ ਹਨ। ਸੱਚ ਭਾਲਿਆ ਹੈ ਅਤੇ ਨਵੇਂ ਪੜਾਵਾਂ 'ਤੇ ਪੁੱਜੇ ਹਨ। ਪਗਡੰਡੀਆਂ, ਅੱਖ ਮਟੱਕਿਆਂ, ਤੇਲ ਤੁਪਕਿਆਂ, ਮਜਨੂੰਆਂ, ਅਤੇ ਅਧੂਰੀ ਪ੍ਰੀਤਾਂ ਦੀਆਂ ਲੜੀਆਂ ਨੂੰ ਪਰਖਿਆ ਅਤੇ ਪਛੋਲਿਆ ਹੈ - ਇਤਿਹਾਸਕ ਪਦਾਰਥਵਾਦ ਪੈਦਾਵਾਰੀ ਵਸੀਲਿਆਂ ਦੇ ਰਿਸ਼ਤਿਆਂ ਨਾਤਿਆਂ ਤੋਂ ਜਾਣੂ ਹੋਏ ਹਨ। ਸਮੂਹਕ ਜੀਵਨ ਦੇ ਪੱਖ ਪੂਰਦਿਆਂ ਤਬਕਾਤੀ ਘੋਲਾਂ 'ਚ ਸ਼ਾਮਲ ਹੋਏ ਹਨ। ਨਵੀਆਂ ਸਥਿਤੀਆਂ 'ਚ ਪੈ ਕੇ, ਹਕੀਕਤਾਂ ਚੋਂ ਸੱਚ ਲੱਭ ਕੇ ਸਪਸ਼ਟ ਅਤੇ ਸੁਹਣਾ ਵੀ ਲਿਖਿਆ ਹੈ। ਇੰਗਲੈਂਡ ਅਤੇ ਇੰਡੀਆ ਵਿਚ ਪੰਜਾਬੀ ਦੇ ਅਖਬਾਰਾਂ ਅਤੇ ਰਸਾਲਿਆਂ 'ਚ ਬਹੁਤੇ ਲਿਖਾਰੀਆਂ ਨੇ ਜਿਨ੍ਹਾਂ ਦੀਆਂ ਕਿਤਾਬਾਂ ਅਜੇ ਭਾਵੇਂ ਨਹੀਂ ਛਪੀਆਂ, ਉਨ੍ਹਾਂ ਸਮੇਂ ਸਮੇਂ ਜੀਵਨ ਨਾਲ ਵਾਪਰ ਰਹੀਆਂ ਤਲਖ ਹਕੀਕਤਾਂ ਉਤੇ ਲੇਖ, ਕਵਿਤਾਵਾਂ, ਕਹਾਣੀਆਂ, ਚਿੱਠੀਆਂ ਅਤੇ ਰੁਬਾਈਆਂ ਨਵੀਨ ਬੋਲੀਆਂ ਆਦਿ ਲਿਖੀਆਂ ਹਨ। ਇਹ ਅਮਲ ਲਗਾਤਾਰ ਹੋਣ ਜਾਰੀ ਹੈ। ਇੰਗਲੈਂਡ ਵਿਚ ਪੰਜਾਬੀ ਲਿਖਾਰੀਆਂ ਨੇ ਆਪਣੀ ਸੂਝ ਅਤੇ ਅਮਲ ਮੁਤਾਬਿਕ ਚੰਗਾ ਬਹੁਤਾ ਲਿਖਿਆ ਹੈ ਤੇ ਮਾੜਾ ਘੱਟ। ਏਥੋਂ ਦੇ ਪੰਜਾਬੀ ਸਾਹਿਤ ਨੂੰ ਪੰਜਾਬ ਦੇ ਵੱਟਿਆਂ ਨਾਲ ਜੋਖਣਾ ਵਾਜਬ ਨਹੀਂ ਹੋਵੇਗਾ - ਏਥੋਂ ਦੇ ਆਪਣੇ ਮਿਆਰ ਹਨ। ਵਿਸ਼ੇਸ਼ ਗੱਲ ਤਾਂ ਇਹ ਹੈ ਕਿ ਜਿਵੇਂ ਗਦਰੀ ਬਾਬਿਆਂ ਅਤੇ ਹੋਰ ਵਿਅਕਤੀਆਂ ਨੇ ਪ੍ਰਦੇਸਾਂ ਚੋਂ ਜਾ ਕੇ ਵਤਨ ਦੇ ਅਜ਼ਾਦੀ ਘੋਲ ਵਿਚ ਇਤਿਹਾਸਕ ਹਿੱਸਾ ਪਾਇਆ ਹੈ, ਏਵੇਂ ਹੀ ਇੰਗਲੈਂਡ ਵਸਦੇ (ਬਲਕਿ ਕੈਨੇਡਾ ਅਤੇ ਈਸਟ ਅਫਰੀਕਾ ਆਦਿ 'ਚ ਵੀ) ਪੰਜਾਬੀ ਲਿਖਾਰੀ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਦੀ ਉਚਤ ਸੇਵਾ ਕਰ ਰਹੇ ਹਨ। ਇਹ ਪੰਜਾਬੀ ਲਿਟਰੇਚਰ ਲਈ ਇਤਿਹਾਸਕ ਦੇਣ ਹੋਵੇਗੀ। ਇਸ ਤੋਂ ਉਪਰੰਤ ਨਵੇਂ ਲਿਖਾਰੀਆਂ ਦੀਆਂ ਲਿਖਤਾਂ ਹੋਰ ਪੁਖਤਾ ਅਤੇ ਨਿੱਗਰ ਹੋ ਕੇ ਨਿੱਖਰ ਰਹੀਆਂ ਹਨ। ਹੋਰ ਨਵੇਂ ਪ੍ਰਗਤੀਸ਼ੀਲ ਰੁਝਾਨਾਂ ਦੀ ਆਸ ਕੀਤੀ ਜਾ ਸਕਦੀ ਹੈ। ਸ਼ਾਲਾ! ਇਨ੍ਹਾਂ ਦੀਆਂ ਕਲਮਾਂ ਹੋਰ ਤਿੱਖੀਆਂ ਅਤੇ ਯਤਨਸ਼ੀਲ ਹੋਣ! ਅੱਜ ਦੇ ਸਮੇਂ ਦੀ ਮੰਗ ਹੈ ਕਿ ਲਿਖਾਰੀ ਜਿਨਸ ਇਸ਼ਕ, ਪ੍ਰੀਤ, ਚੰਚਲ, ਕਲਪਣਾ ਅਤੇ ਰੂਪਵਤੀਆਂ ਮਗਰ ਅਵਾਰਾ-ਗਰਦੀ ਕਰਕੇ ਵਕਤ ਜ਼ਾਇਆ ਨਾ ਕਰਨ। ਸਗੋਂ ਧੂੜ ਧੂੰਆਂ ਅਤੇ ਧੁੰਦਲ 'ਚ ਰੁਲੀਆਂ ਅਤੇ ਜਾਬਰਾਂ ਦੇ ਦਬਾਅ ਹੇਠ ਸਹਿਮੀਆਂ ਸਥਿਤੀਆਂ ਦੀ ਸਾਰ ਲੈਣਾ, ਕ੍ਰਾਂਤੀ ਦੇ ਪ੍ਰਸੰਗ ਬਣਕੇ, ਲੋਕਾਂ ਨਾਲ ਤੁਰਕੇ ਨਵੇਂ ਸਮਾਜ ਦੀ ਸਿਰਜਣਾ ਲਈ ਆਪਣੀਆਂ ਕਲਮਾਂ ਹੋਰ ਤੇਜ਼ ਕਰਨ।

ਹੋਰਨਾਂ ਸੰਸਥਾਵਾਂ ਨਾਲ ਸਾਂਝਾ ਫਰੰਟ ਬਣਾਉਣ ਤੋਂ ਪਹਿਲਾਂ ਲਿਖਾਰੀਆਂ ਨੂੰ ਸਵੈ-ਅਲੋਚਨਾ ਕਰਨੀ ਹੋਵੇਗੀ। ਆਪਣੀਆਂ ਤਰੁੱਟੀਆਂ ਦਾ ਨਿਰਣਾ ਕੀਤੇ ਬਿਨਾਂ ਅਤੇ ਉਨ੍ਹਾਂ ਨੂੰ ਸੁਧਾਰ ਕੇ ਮਜ਼ਬੂਤ ਤਕੜੇ ਅਤੇ ਦਲੇਰ ਹੋਏ ਬਿਨਾਂ ਦੁਨੀਆ ਸਾਹਮਣੇ ਹੱਕਾਂ ਅਤੇ ਮੰਗਾਂ ਖਾਤਰ ਵਾਰਤਾਲਾਪ ਕਰਕੇ, ਲੇਲੜੀਆਂ ਕੱਢ ਕੇ ਤਰਸ ਦੇ ਪਾਤਰ ਬਣਨ ਵਾਂਗੂੰ ਹੀ ਹੋਵੇਗਾ। ਸਰਮਾਇਆਦਾਰੀ ਅਤੇ ਸੰਨਅਤੀ ਮਹੌਲ 'ਚ ਘਿਰਿਆਂ ਸਾਡੇ ਵਿਚ ਅਜੇ ਵੀ ਸਰਦਾਰੀ ਅਤੇ ਗੈਰਬਾਰਦਗੀ ਰੁਚੀਆਂ ਭਾਰੂ ਹੋ ਜਾਂਦੀਆਂ ਹਨ ਅਤੇ 'ਹਉਮੈਂ' ਦੀ ਪਲਮ ਫੈਲ ਪੈਂਦੀ ਹੈ। ਇਹ ਸਾੜਾ, ਸ਼ਰੀਕਾ ਅੜੀਅਲ ਅਤੇ ਚੁਗਲੀ ਨਿੰਦਿਆ ਆਦਿ ਨੂੰ ਜਨਮ ਦਿੰਦੀਆਂ ਹਨ। ਆਪਸੀ ਫੁੱਟ ਦਾ ਕਾਰਨ ਬਣ ਕੇ ਦੇਰੂ ਬੈਠਦੀਆਂ ਹਨ। ਨਿਜ਼ਾਮ ਇਨ੍ਹਾਂ ਮਾਰੂ ਸ਼ਕਤੀਆਂ ਨੂੰ ਹੋਰ ਹਲਾਸ਼ੇਰੀ ਅਤੇ ਸ਼ਹਿ ਦਿੰਦਾ ਹੈ ਅਤੇ ਸਾਂਝੇ ਹਿਤਾਂ ਨੂੰ ਮਧੋਲਣ ਵਿਚ ਕਾਮਯਾਬ ਹੁੰਦਾ ਰਿਹਾ ਹੈ। ਇਥੋਂ ਤੱਕ ਕਿ ਅਸੀਂ ਕਈ ਵਾਰ ਫੋਕੀ ਫੜ੍ਹ ਅਤੇ 'ਮੈਂ' 'ਚ ਆ ਕੇ ਇਕ ਦੂਜੇ 'ਤੇ ਉਂਗਲਾਂ ਅਤੇ ਤੋਹਮਤਾਂ ਲਾਉਂਦੇ ਹਾਂ ਅਤੇ ਆਪ ਹਰਖੇ ਵੀ ਹੋ ਨਿਬੜਦੇ ਹਾਂ। ਕਈ ਵੇਰ ਤਾਂ ਜੋ ਕੁੱਝ ਅਸੀਂ ਲਿਖਦੇ ਹਾਂ ਉਸ ਤੋਂ ਉਲਟ ਕਰਦੇ ਹਾਂ। ਇਥੋਂ ਦੀਆਂ ਦੂਜੀਆਂ ਅਗਾਂਹ-ਵਧੂ ਜਥੇਬੰਦੀਆਂ ਨਾਲ ਸੰਪਰਕ ਸਾਂਝੇ ਮੁਹਾਜ਼ ਅਤੇ ਮੇਲ ਜੋਲ ਤੋਂ ਪਹਿਲਾਂ ਸਾਡਾ ਆਪਣਾ

ਏਕਾ ਅਤੇ ਆਪਣੀ ਜਥੇਬੰਦਕ ਮਜ਼ਬੂਤੀ ਹੋਣੀ ਲਾਜ਼ਮੀ ਬਣਦੀ ਹੈ। ਅਸੀਂ ਜਿਹੜੇ ਸਾਂਝੇ ਫਰੰਟ ਦਾ ਪ੍ਰਚਾਰ ਕਰਦੇ ਹਾਂ ਆਪ ਇਕੇ ਥਾਂਈਂ ਅੱਡੋਫਾਟੀ ਹੋਏ ਬੈਠੇ ਹਾਂ। ਆਉ ਮੋਟੇ ਤੌਰ 'ਤੇ ਵੇਖੀਏ ਆਪਣੇ ਵਖ ਵਖ ਧੜੇ ਅਤੇ ਥੜ੍ਹੇ।

I. ਮਜ਼ਹਬੀ ਤੌਰ 'ਤੇ ਵੱਖ ਵੱਖ ਰੱਬ-ਘਰਾਂ ਦੀ ਉਸਾਰੀ ਅਤੇ ਫਿਰਕੇ
II ਛੋਟੀਆਂ ਵੱਡੀਆਂ ਅਤੇ ਉੱਚੀਆਂ ਨੀਵੀਆਂ ਜਾਤਾਂ
III ਪਿਛਲੇ ਇਲਾਕੇ ਅਤੇ ਸੂਬੇ ਆਦਿ
IV ਸਿਆਸੀ ਤੌਰ 'ਤੇ ਜਿਵੇਂ ਟੋਰੀ, ਲੇਬਰ, ਲਿਬਰਲ, ਸੀ.ਪੀ.ਸੀ.ਬੀ. (ਕਮਿਊਨਿਸਟ) ਟਰਾਟਸਕੀ-ਵਾਦੀ, ਕਾਂਗਰਸੀ, ਜੰਤਾ, ਅਕਾਲੀ, ਸੀ.ਪੀ. ਆਈ, ਸੀ.ਪੀ. ਆਈ ਮਾਰਕਿਸਿਸਟ ਅਤੇ ਨਕਸਲਵਾੜੀ ਗਰੁੱਪ ਆਦਿ।

ਬਹੁਤਾ ਜ਼ੋਰ ਆਪੋ ਵਿਚੀਂ ਭਿੜਨ 'ਚ ਲਗਦਾ ਹੈ। ਉਸਾਰੂ ਆਲੋਚਨਾ ਕਰਨ ਅਤੇ ਸਹਿਣ ਦਾ ਅਤਿਅੰਤ ਘਾਟ ਹੈ। ਨਿੱਕੀਆਂ ਮੋਟੀਆਂ ਗੱਲਾਂ ਦਲੀਲ ਨਾਲ ਹੱਲ ਨਹੀਂ ਕਰਦੇ ਬਲਕਿ ਕਿਸੇ ਮਤਲਬੋਂ ਤਰਲੋਮੱਛੀ ਅਤੇ ਲੱਠਲੱਠੀ ਹੋਏ ਤੱਕ ਜਾਂਦੇ ਹਾਂ। ਬਹੁਤਾ ਝਗੜਾ ਤਾਂ ਕੁਰਸੀਆਂ ਦਾ ਹੈ। ਜਿਨ੍ਹਾਂ ਦੇ ਰੋਕੇ ਵਿੱਚੋਂ ਕਿੱਲ ਬਣ ਕੇ ਉੱਗਦੇ ਤੇ ਡੁੱਬਦੇ।

ਹੁਣ ਸਮਾਂ ਹੈ ਕਿ ਕਿਵੇਂ ਕਿਵੇਂ ਭੇਦ ਭਾਵਾਂ, ਗਲਤੀਆਂ ਅਤੇ ਗਲਤਫਹਿਮੀਆਂ ਨੂੰ ਆਪਸੀ ਮਿਲ ਬੈਠ ਕੇ ਨਜਿੱਠ ਕੇ, ਲੋਕਾਂ ਨੂੰ ਅੱਗੇ ਲੰਘਣ ਅਤੇ ਅੱਗੇ ਵੱਧਣ ਦਾ ਮੌਕਾ ਦਿਤਾ ਜਾਵੇ। ਵੱਖ ਵੱਖ ਵਿਚਾਰਧਾਰਾ ਰੱਖਦੇ ਹੋਏ ਵੀ ਮੁੱਖ ਮਸਲਿਆਂ 'ਤੇ ਸਾਂਝਾ ਇਤਫ਼ਾਕ ਏਕਾ ਹੋ ਸਕਦਾ ਹੈ ਜਿਹੜਾ ਕਿ ਬਹੁਤ ਲਾਜ਼ਮੀ ਹੈ। ਸਾਡੇ ਵਿਚਾਰ ਵੱਖਰੇ ਹੋ ਸਕਦੇ ਹਨ ਪਰ ਅਸੀਂ ਇਕ ਦੂਜੇ ਦੇ ਜਾਨੀ ਦੁਸ਼ਮਣ ਤਾਂ ਨਹੀਂ ਹਾਂ। ਸਾਡੀਆਂ ਸਾਂਝਾਂ ਬਹੁਤੀਆਂ ਹਨ ਤੇ ਵਿਖਰੇਵੇਂ ਘੱਟ ਹਨ। ਏਕੇ ਲਈ ਇਤਫ਼ਾਕ ਕਰਨਾ ਅਵੱਸ਼ ਹੈ। ਸਾਡੇ ਵਿਚ ਚੰਗੇ ਈਮਾਨਦਾਰ ਅਤੇ ਸੱਚੇ ਲੋਕ ਬਹੁਤੇ ਹਨ, ਮਾੜੇ ਥੋੜ੍ਹੀ ਅਤੇ ਕਮੀਨੇ ਬਹੁਤ ਘੱਟ ਹਨ।

ਏਕੇ ਲਈ ਆਉ।
ਰੰਗ ਬਰੰਗੇ ਫੁੱਲ ਬੂਟੇ ਖਿੜਨ ਦਿਉ
ਵੱਖ ਵੱਖ ਵਿਚਾਰ ਵਿਚਰਨ ਦਿਉ
'ਬਲੀ' ਆਂ ਦੇ ਨਾਂ 'ਤੇ
ਰੱਬ ਦਿਆਂ ਦੇ ਨਾਂ 'ਤੇ
ਪਿਆਰਿਉ
ਮੁੜ ਵਿਚਾਰ ਕਰੋ
ਮੁੜ ਵਿਤਰਕ ਕਰੋ
ਤੇ ਮੁੜ ਨਜ਼ਰ ਕਰੋ।

**SHAKTI GIFT**

**6576 MAIN STREET, VANCOUVER, B.C.**

**Where you can get all types of Real and Artificial Jewellery and all types of oriental designs can be made!**

**SALE AND REPAIRS OF WATCHES**

Res. 327-8259 Bus. 321-6214

SPECIALIST IN EAST INDIAN JEWELLERY GIFTWARE & REPAIRS

# Ideas
**YOU'LL FIND INTERESTING AND VALUABLE!**



Balwant Gill
Representative

- Money-Back Life Insurance
- Income Protection
- Mortgage Protection
- Retirement Funds
- Education of Children
- Conserving a Business Interest

Telephone Office: 521-3781
Residence: 591-3798

Get your life in shape.

SUN LIFE OF CANADA

SUN LIFE OF CANADA
321 SIXTH STREET
NEW WESTMINSTER, B.C.
V3L 3A7

# ਕਾਮਨ ਵੈਲਥ ਖੇਡਾਂ 'ਚ ਭਾਰਤੀ ਖਿਡਾਰੀ

ਲਾਟ ਭਿੰਡਰ/ ਐਡਮਿੰਟਨ

ਅੱਸੀ ਮਿਲੀਅਨ ਡਾਲਰ ਦੀ ਲਾਗਤ ਨਾਲ ਕਰਵਾਈਆਂ ਗਈਆਂ ਅਗਸਤ 78 ਦੀਆਂ ਕਾਮਨ ਵੈਲਥ ਖੇਡਾਂ ਐਡਮਿੰਟਨ ਦੇ ਵਸਨੀਕਾਂ ਲਈ ਹਮੇਸ਼ਾਂ ਯਾਦ ਰਹਿਣ ਵਾਲਾ ਇਕ ਤਜਰਬਾ ਹੈ। ਖੇਡਾਂ 'ਚ ਹਿੱਸਾ ਲੈ ਕੇ ਘਰੀਂ ਜਾ ਚੁੱਕੇ ਖਿਡਾਰੀਆਂ ਨੂੰ ਅਜੇ ਵੀ ਸ਼ਹਿਰ ਦੇ ਬਜ਼ਾਰਾਂ ਵਿਚ ਗਲਾਂ 'ਚ ਕਾਰਡ ਪਾਈ ਘੁੰਮਦੇ ਫਿਰਦੇ ਵੇਖਣ ਲਈ ਸਾਡੀਆਂ ਨਜ਼ਰਾਂ ਭੀੜ ਵਿਚ ਢੂੰਡਦੇ ਘੁੰਮਦੀਆਂ ਹਨ। ਖੇਡਾਂ ਦੀ ਆਖਰੀ ਸ਼ਾਮ ਤੇ ਐਡਮਿੰਟਨ ਸ਼ਹਿਰ ਵਲੋਂ ਕੀਤੀ ਗਈ ਸਾਂਝੀ ਪਾਰਟੀ ਤੇ ਇਕੋ ਛੱਤ ਹੇਠ ਖੁਸ਼ੀ ਨਾਲ ਨੱਚਦੇ ਤੇ ਝੂਮਦੇ ਵੱਖੋ ਵੱਖਰੇ ਦੇਸ਼ਾਂ ਤੇ ਨਸਲਾਂ ਦੇ ਖਿਡਾਰੀਆਂ ਨੂੰ ਵੇਖਕੇ ਧਰਤੀ ਤੇ ਆਣ ਉਤਰੇ ਕਿਸੇ ਸਵਰਗ ਦਾ ਭੁਲੇਖਾ ਪੈਂਦਾ ਸੀ।

ਇਹਨਾਂ ਖੇਡਾਂ ਵਿਚ ਭਾਰਤੀ ਟੀਮ ਨੇ 74 ਵਿਚ ਹੋਈਆਂ ਕਾਮਨ ਵੈਲਥ ਖੇਡਾਂ ਵਿਚ ਜਿੱਤੇ ਚੌਦਾਂ ਮੈਡਲਾਂ ਦੇ ਮੁਕਾਬਲੇ ਇਕ ਮੈਡਲ ਵਧੇਰੇ ਜਿੱਤਿਆ ਹੈ। ਭਾਵੇਂ 76 ਦੇ ਵਿਚ ਹੋਈਆਂ ਓਲਿੰਪਿਕ ਖੇਡਾਂ ਦੇ ਮੁਕਾਬਲੇ ਸਾਨੂੰ ਇਸ ਵਾਰ ਇੰਨੀ ਨਮੋਸ਼ੀ ਨਹੀਂ ਉਠਾਉਣੀ ਪਈ ਪਰ ਫਿਰ ਵੀ ਇਹ ਕਹਿਣਾ ਪਏਗਾ ਕਿ ਅੰਤਰ-ਰਾਸ਼ਟਰੀ ਖੇਡਾਂ ਵਿਚ ਭਾਰਤੀ ਖੇਡਾਂ ਦੀ ਹਾਲਤ ਬਹੁਤ ਮੱਧਮ ਹੈ। ਇਕੱਲੇ ਕੈਨੇਡਾ, ਜਿਸਦੀ ਵਸੋਂ ਭਾਰਤ ਦੀ ਵਸੋਂ ਦਾ ਪੈਂਤੀਵਾਂ ਹਿੱਸਾ ਹੀ ਹੈ, ਨੇ 109 ਮੈਡਲ ਜਿੱਤ ਕੇ ਕਾਮਨ-ਵੈਲਥ ਖੇਡਾਂ ਦਾ ਨਵਾਂ ਰਿਕਾਰਡ ਰਚਿਆ ਹੈ।

ਭਾਰਤੀ ਟੀਮ ਵਿਚੋਂ ਸਭ ਤੋਂ ਵੱਧ ਸ਼ਲਾਘਾਯੋਗ ਹਿੱਸਾ ਬੈਡਮਿੰਟਨ ਦੀ ਟੀਮ ਦਾ ਗਿਣਿਆ ਜਾ ਸਕਦਾ ਹੈ। ਭਾਵੇਂ ਕਾਮਨ-ਵੈਲਥ ਖੇਡਾਂ ਵਿਚ ਦੂਜੇ ਦੇਸ਼ਾਂ ਦਾ ਬੈਡਮਿੰਟਨ ਦਾ ਪੱਧਰ ਬਹੁਤ ਉੱਚਾ ਹੈ, ਫਿਰ ਵੀ ਸਾਡੀ ਟੀਮ ਦੇ ਖਿਡਾਰੀ ਪ੍ਰਕਾਸ਼ ਨੇ ਬੜੀ ਹਿੰਮਤ ਨਾਲ ਗੋਲਡ ਮੈਡਲ ਜਿੱਤਿਆ ਹੈ। ਭਾਰਤ ਦੀ ਕਾਮਨ-ਵੈਲਥ ਦੀ ਟੀਮ ਵਿਚ ਪਹਿਲੀ ਵਾਰ ਦੋ ਲੜਕੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹਨਾਂ ਦੋਹਾਂ ਲੜਕੀਆਂ (ਕੰਵਲ ਅਤੇ ਅੰਮੀ) ਨੇ ਬੈਡਮਿੰਟਨ-ਡਬਲ ਵਿਚ ਮਿਲਕੇ ਇਕ ਬਰਾਂਜ਼ ਮੈਡਲ ਜਿੱਤਿਆ ਹੈ। ਇਕ ਗੋਲਡ ਤੇ ਇਕ ਸਿਲਵਰ ਮੈਡਲ ਸਾਡੀ ਵੇਟ-ਲਿਫਟਿੰਗ ਦੀ ਟੀਮ ਨੇ ਜਿੱਤਿਆ ਹੈ। ਇਕ ਬਰਾਂਜ਼ ਮੈਡਲ ਬੋਕਸਿੰਗ ਤੇ ਇਕ ਹੋਰ ਬਰਾਂਜ਼ ਮੈਡਲ ਲੌਂਗ-ਜੰਪ ਵਿਚੋਂ ਸਾਡੀ ਟੀਮ ਨੇ ਜਿੱਤਿਆ ਹੈ।

ਖੇਡਾਂ ਵਿਚ ਪਹਿਲੇ 6 ਗੋਲਡ ਮੈਡਲ ਕੈਨੇਡਾ ਵਲੋਂ ਤੇ ਸੱਤਵਾਂ ਗੋਲਡ ਮੈਡਲ ਆਸਟਰੇਲੀਆਂ ਦੇ ਜਿੱਤ ਲੈਣ ਪਿਛੋਂ ਐਡਮਿੰਟਨ-ਜਰਨਲ ਵਿਚ ਇਕ ਦਿਨ ਪਹਿਲਾਂ ਛਪੀ ਖਬਰ ਕਿ 74 ਦੀ ਖੇਡਾਂ ਵਿਚੋਂ ਭਾਰਤੀ ਜੇਤੂ ਟੀਮ ਸ਼ਾਇਦ ਇਸ ਵਾਰ ਕੋਈ ਵੀ ਗੋਲਡ ਮੈਡਲ ਨਾ ਜਿੱਤ ਸਕੇ; ਠੀਕ ਜਾਪਣ ਲੱਗੀ। ਅਖੀਰ ਜਦੋਂ ਬਾਕੀ ਰਹਿੰਦੇ ਤਿੰਨੇ ਗੋਲਡ ਮੈਡਲ ਅਸ਼ੋਕ, ਸਤਬੀਰ ਅਤੇ ਰਾਜਿੰਦਰ ਨੇ ਜਿੱਤ ਲਏ ਤਾਂ ਸਾਨੂੰ ਵੀ ਸਿਰ ਉੱਚਾ ਕਰਕੇ ਵੇਖਣ ਦਾ ਮੌਕਾ ਮਿਲਿਆ। ਭਾਵੇਂ ਸਾਡੇ ਪਹਿਲਵਾਨਾਂ ਨੇ ਤਿੰਨ ਹੋਰ ਸਿਲਵਰ ਤੇ ਤਿੰਨ ਬਰਾਂਜ਼ ਮੈਡਲ ਜਿੱਤ ਲਏ ਹਨ। ਫਿਰ ਵੀ ਸਹਿਜੇ ਹੀ ਦੋ ਹੋਰ ਗੋਲਡ ਅਤੇ ਦੋ ਹੋਰ ਸਿਲਵਰ ਮੈਡਲ ਜਿੱਤੇ ਜਾ ਸਕਦੇ ਸਨ ਜੇ ਪਹਿਲਵਾਨਾਂ ਨੂੰ ਇਥੇ ਆਉਣ ਤੋਂ ਘੱਟ ਤੋਂ ਘੱਟ ਪੰਜ ਛੇ ਮਹੀਨੇ ਪਹਿਲਾਂ ਅੰਤਰ-ਰਾਸ਼ਟਰੀ ਖੇਲਾਂ ਦੇ ਕਨੂੰਨਾਂ ਅਤੇ ਗੱਦੇ ਤੇ ਖੇਲਣ ਦੀ ਪਰੈਕਟਿਸ ਕਰਵਾਈ ਜਾਂਦੀ।

ਐਡਮਿੰਟਨ ਆਉਣ ਤੋਂ ਢਾਈ ਮਹੀਨੇ ਪਹਿਲਾਂ ਪਟਿਆਲੇ ਦੀ ਨੈਸ਼ਨਲ ਇਨਸਟੀਚਿਊਟ ਆਫ ਸਪੋਰਟਸ ਵਿਚ ਲਗਾਏ ਗਏ ਕੈਂਪ ਵਿਚ ਦਸੇ ਗਏ ਅੰਤਰ-ਰਾਸ਼ਟਰੀ ਕਾਨੂੰਨਾਂ ਤੋਂ ਸਾਰੇ ਪਹਿਲਵਾਨ ਜਾਣੂ ਨਹੀਂ ਹੋ ਸਕੇ ਸਨ। ਭਰ ਗਰਮੀਆਂ ਵਿਚ ਮੱਛਰਦਾਨੀਆਂ ਦੇ ਵਿਚੋਂ ਵੀ ਲੰਘ ਕੇ ਵੀ ਮੱਛਰ ਸਾਰੀ ਰਾਤ ਉਹਨਾਂ ਨੂੰ ਸੌਣ ਨਹੀਂ ਦੇਂਦਾ ਸੀ। ਜਦੋਂ ਖੇਡਾਂ ਤੇ ਆਉਣ ਵਿਚ ਸਿਰਫ 20 ਦਿਨ ਬਾਕੀ ਰਹਿ ਗਏ ਤਾਂ ਕਿਸੇ ਹਿੱਲ-ਸਟੇਸ਼ਨ ਤੇ ਜਾ ਕੇ ਪਰੈਕਟਿਸ ਕਰਨ ਦੀ ਗਲ ਚਲੀ। ਪਰ ਅਖੀਰਲੇ ਦਿਨਾਂ 'ਚ ਪਹਿਲਵਾਨ ਆਪਣਾ ਸਮਾਂ ਆਉਣ ਜਾਣ ਵਿਚ ਨਹੀਂ ਗੁਆਉਣਾ ਚਾਹੁੰਦੇ ਸਨ।

ਇਕ ਹੋਰ ਸੁਝਾਅ ਜੋ ਕਿ ਮੈਂ ਡੀ. ਡੀ. ਕੁਸ਼ਤੀ ਖੇਡਾਂ ਦੀ ਫੈਡਰੇਸ਼ਨ ਦੇ ਮੌਜੂਦਾ ਪ੍ਰਧਾਨ ਅਤੇ ਸੁਰਜੀਤ ਸਿੰਘ ਮਜੀਠੀਆ (ਪਹਿਲੇ ਪ੍ਰਧਾਨ) ਨੂੰ ਦਿੱਤਾ ਉਹ ਇਹ ਹੈ ਕਿ ਪ੍ਰਦੇਸ਼ਾਂ ਵਿਚ ਹੁੰਦੇ ਸਾਰੇ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿਚ ਸਾਰੇ ਭਾਰਤੀ ਖਿਡਾਰੀਆਂ

ਦੀਆਂ EVENTS ਦੀ SOUND MOVIE CAMERA ਨਾਲ ਫਿਲਮ ਬਣਾਈ ਜਾਵੇ ਜਿਸ ਦੇ ਨਾਲ ਨਾਲ ਉਹਨਾਂ ਦੇ ਕੋਚ ਵਲੋਂ COMMENTARY ਵੀ ਦਿੱਤੀ ਜਾ ਸਕਦੀ ਹੈ। ਵਾਪਸ ਦੇਸ਼ ਜਾ ਕੇ ਸਾਡੇ ਖਿਡਾਰੀਆਂ ਨੂੰ ਉਹੀ ਫਿਲਮ ਦਿਖਾ ਕੇ ਉਹਨਾਂ ਦੀਆਂ ਤਰੁੱਟੀਆਂ ਦਿਖਾਈਆਂ ਜਾਣ। ਫਿਰ ਉਹੀ ਫਿਲਮ ਅਗਲੇ ਅੰਤਰ-ਰਾਸ਼ਟਰੀ ਮੁਕਾਬਲੇ ਤੇ, ਜਾ ਰਹੇ ਸਾਡੇ ਖਿਡਾਰੀਆਂ ਨੂੰ ਦਿਖਾਈ ਜਾਵੇ ਤਾਂ ਜੋ ਉਹ ਪਹਿਲੇ ਖਿਡਾਰੀਆਂ ਵਲੋਂ ਕੀਤੀਆਂ ਹੋਈਆਂ ਗਲਤੀਆਂ ਨੂੰ ਨਾ ਦੁਹਰਾਉਣ। ਕਿਉਂਕਿ ਸਾਡੇ ਦੋ ਪਹਿਲਵਾਨਾਂ ਨੂੰ ਗਲਤ ਘੁਲਣ ਦੇ ਕਾਰਨ ਤਿੰਨ ਤਿੰਨ ਚਿਤਾਵਨੀਆਂ ਦੇ ਕੇ ਦੂਜੇ ਪਹਿਲਵਾਨਾਂ ਨੂੰ ਜਿਤਾ ਦਿਤਾ ਗਿਆ ਸੀ।

ਸਾਡੀਆਂ ਖੇਡਾਂ ਦੇ ਨੀਵੇਂ ਪੱਧਰ ਤੇ ਰਹਿਣ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਸਾਡੇ ਖਿਡਾਰੀਆਂ ਨੂੰ ਬਹੁਤੇ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿਚ ਹਿੱਸਾ ਲੈਣ ਤੋਂ ਵਾਂਝਿਆਂ ਰੱਖਿਆ ਜਾਂਦਾ ਹੈ। ਔਲੰਪਿਕਸ ਦੀਆਂ ਖੇਡਾਂ ਮੁਕਦਿਆਂ ਹੀ ਕੈਨੇਡਾ ਦੀ ਘੋਲ ਟੀਮ ਅਤੇ ਹੋਰ ਦੂਜੇ ਦੇਸ਼ਾਂ ਦੇ ਪਹਿਲਵਾਨ ਮੈਕਸੀਕੋ ਵਿਚ ਹੋ ਰਹੀਆਂ ਕੁਸ਼ਤੀਆਂ ਵਿਚ ਹਿੱਸਾ ਲੈਣ ਲਈ ਚਲੇ ਗਏ ਸਨ। ਪਰ ਸਾਡੇ ਪਹਿਲਵਾਨ ਖਰਚ ਪੈਸੇ ਦੀ ਕਮੀ ਕਰਕੇ ਹੀ ਨਹੀਂ ਜਾ ਸਕੇ ਸਨ।

ਆਸ ਕੀਤੀ ਜਾਂਦੀ ਹੈ ਕਿ ਕਾਮਨ-ਵੈਲਥ ਦੀਆਂ ਖੇਡਾਂ ਦੇਖਣ ਆਏ ਸਾਡੇ ਉੱਚ-ਅਧਿਕਾਰੀ ਅਸ਼ਵਨੀ ਕੁਮਾਰ, ਡੀ ਡੀ. ਵਸ਼ਿਸ਼ਟ, ਸੁਰਜੀਤ ਸਿੰਘ ਮਜੀਠੀਆ, ਮਿਲਖਾ ਸਿੰਘ ਅਤੇ ਉਹਨਾਂ ਦੀ ਸ਼੍ਰੀਮਤੀ ਆਪਣੇ ਦੇਸ਼ ਦੀਆਂ ਖੇਡਾਂ ਦੇ ਪੱਧਰ ਨੂੰ ਚੰਗੇਰਾ ਬਣਾਉਣ ਲਈ ਆਪਣੇ ਨਾਲ ਨਵੇਂ ਸੁਧਾਰ ਢੰਗ ਅਤੇ ਨਵੇਂ ਨਵੇਂ ਤਰੀਕੇ ਲੈ ਕੇ ਜਾਣਗੇ।

ਭਾਰਤੀ ਖਿਡਾਰੀਆਂ ਨੇ ਹੇਠ ਲਿਖੇ ਮੈਡਲ ਜਿੱਤੇ:

## GOLD

1. ASHOK KUMAR - WRESTLING
2. SATBIR SINGH - "
3. RAJINDER SINGH - "
4. PARKASH PADUKONE - BADMINTON
5. E. KARUNKARAN - WEIGHTLIFTING

## SILVER

1. SUDESH KUMAR - WRESTLING
2. JAGMINDER SINGH - "
3. SAT PAL SINGH - "
4. TAMIL SELVAN - WEIGHTLIFTING

## BRONZE

1. JAGDISH KUMAR - WRESTLING
2. KARTAR SINGH - "
3. ISHWAR SINGH - "
4. SURESH BABU - LONG JUMP
5. B.S. THAPA - BOXING
6. KANWAL THAKUR SINGH / AMI GHIA - BADMINTON DOUBLE

TOTAL: 15 MEDALS


**Super Saver Grocery Store**
**6236 Fraser St**
**Vancouver**

ਹਰ ਕਿਸਮ ਦੀ ਭਾਰਤੀ ਗਰੋਸਰੀ ਖ੍ਰੀਦਣ ਲਈ ਸਾਡੀ ਦੁਕਾਨ ਤੇ ਆਓ ਤੇ ਸਸਤੀ ਗਰੋਸਰੀ ਤੋਂ ਇਲਾਵਾ ਸਬਜ਼ੀ ਦਾ ਤਾਜ਼ਾ ਮਾਲ, ਭਾਰੇ ਵੱਡਿਆਂ ਦਾਲੇ ਪਤੀਲੇ ਤੇ ਵਿਆਹ-ਸ਼ਾਦੀਆਂ ਤੇ ਦੇਣ ਲਈ ਵਿਦੇਸ਼ੀ ਗਿਫਟ-ਵੇਅਰ ਵੀ ਮਿਲ ਸਕਦੇ ਹਨ।


PAL

*Time: 9 a.m.-9 p.m.*
*Seven days a week.*

**Tel. Bus.324-1838, Res.278-5802**

## Giffin INSURANCE AGENCIES



#205-4381 FRASER ST.
Tel: 874-4241

SPECIALIST
GENERAL INSURANCE
HOME OWNER - BUSINESS

ਘਰਾਂ ਦੀ ਇੰਸ਼ੋਰੈਂਸ ਦੇ ਰੇਟ ਘਟਾ ਰਹੇ
ਹਨ। ਆਪਣੇ ਘਰ ਦੀ ਇੰਸ਼ੋਰੈਂਸ ਦੇ
ਰੇਟ ਜਾਣਨ ਲਈ ਅੱਜ ਹੀ ਤੇਜਾ
ਸਿੰਘ ਧਾਲੀਵਾਲ ਨੂੰ ਫੂਨ ਕਰੋ ਜਾਂ ਮਿਲੋ।

**T S. DHALIWAL**

**24 hrs. service**

**call 522-3907 (Pager 307)**

**Leave your phone No.**

**Res 584-1596 Office: 874-4241**

**12961 92A Ave - Surrey**

ਡੈਲਟਾ ਵਿੱਚ ਗਰੋਸਰੀ ਦੀ ਤਾਜ਼ੀ ਦੁਕਾਨ

## ਪੰਜਾਬ ਫੂਡ ਸਟੋਰ

੧੪੩੫ ਸਕਾਟ ਰੋਡ, ਡੈਲਟਾ. ਫੋਨ: 588-4911
ਜਿਥੋਂ ਤੁਹਾਨੂੰ ਹਰ ਕਿਸਮ ਦੀ ਭਾਰਤੀ ਗਰੋਸਰੀ ਜਿਵੇਂ
ਆਟਾ, ਦਾਲਾਂ, ਮਸਾਲੇ, ਤੇਲ, ਆਚਾਰ, ਬਦਾਮ ਤੇ
ਹੋਰ ਬਹੁਤ ਕੁਝ ਬਹੁਤ ਸਸਤੇ ਭਾਅ ਮਿਲ ਸਕਦਾ ਹੈ।

ਤਾਜ਼ੀਆਂ ਸਬਜ਼ੀਆਂ, ਦੁੱਧ, ਮੱਖਣ ਤੇ ਹੋਰ ਕੈਨੇਡੀਅਨ
ਗਰੋਸਰੀ ਵੀ ਮਿਲਦੀ ਹੈ।

ਗਾਣਿਆਂ ਦੀਆਂ 8-ਟਰੈਕ ਟੇਪਾਂ ਵੀ ਮਿਲਦੀਆਂ ਹਨ।

## ਫਾਰਮਾਂ ਵਿਚ ਕੰਮ ਕਰਨਾ ਚਾਹੁੰਦੇ ਹੋ?

ਚੰਗੀ ਤਨਖਾਹ
ਦਸੰਬਰ ਤੱਕ ਕੰਮ
ਘਰੋਂ ਲੈ ਕੇ ਜਾਣ ਤੇ ਛੱਡ ਕੇ ਜਾਣ ਦਾ ਘੱਟ
ਤੋਂ ਘੱਟ ਸਮਾਂ ਅਤੇ ਚੰਗੀਆਂ ਸਹੂਲਤਾਂ
ਹੋਰ ਜਾਣਕਾਰੀ ਲਈ
ਦਰਸ਼ਨ ਵਿਰਕ ਜਾਂ ਫੋਨ ਕਰੋ!

**588-4911**

## FOR FIELD HOCKEY EQUIPMENT

* KICKERS
* LEG GUARDS
* SHIN PADS
* MATCH BALL & PRACTICE BALLS, GLOVES AND HOCKEY BAG
* EXCLUSIVE DISTRIBUTORS FOR MAHARAJA HOCKEY STICKS

For Reasonable Prices and Reliable Service,
Contact S. Tejinder Gill, 584-3789

## BLUE COAST ENTERPRISES

**THINKING OF TRAVEL?**
**WE CAN SAVE YOU MONEY, TIME AND TROUBLE**

**GROUPS – CHARTER – EXCURSION**
**PAY LATER**
**SPECIAL IMMIGRANT FARES AVAILABLE**

## GOYAL TRAVEL

**4160 FRASER STREET, VANCOUVER 10, B.C.**
**PHONE: 872-7658**

ASSOCIATE OFFICES:
Opposite Nehru Garden, Jullundur City
Near Courts Moga (India) – Phone 2798
Near Courts Jagraon (India) – Phone 252
Bhagat Singh Chowk, Sadar Bazaar Barnala, (India).
Phone 555

**FOR ANY KIND OF**

## PHOTOGRAPHY

**REMEMBER**

## SANDEEP STUDIO

**CALL**

**HARCHARAN SINGH JHUTEE**

**435-3634**

# COMING HIT!!




ਪ੍ਰੋਡਿਊਸਰ ਗੁਲਸ਼ਨ ਰਾਏ ਦਾ
ਮਾਹਰਕਿਆਂ ਭਰਿਆ ਸ਼ਾਹਕਾਰ

## ਤਰਸੂਲ (ਰੰਗਦਾਰ)

ਕਹਾਣੀਕਾਰ-ਸਲੀਮ ਜਾਵੇਦ
ਡਾਇਰੈਕਸ਼ਨ—ਯਸ਼ ਚੋਪੜਾ
ਮਿਊਜ਼ਿਕ — ਖਿਆਮ
ਸਿਤਾਰੇ—ਅਮਿਤਾਭ ਬਚਨ, ਸੰਜੀਵ ਕੁਮਾਰ, ਸ਼ਸ਼ੀ ਕਪੂਰ, ਹੇਮਾ ਮਾਲਨੀ, ਰਾਖੀ,

# ਇੰਡੀਆ ਵਿਚ ਸਾਰੇ ਰੀਕਾਰਡ ਤੋੜ ਦਿਤੇ



# TRISHUL

**STARRING:**
* AMITABH BACHCHAN
* SHASHI KAPOOR
* SANJEEV KUMAR
* SACHIN
* PREM CHOPRA
* MANMOHAN KRISHNA
* IFTIKAR
* MASTER RAJU
* AND MANY OTHERS

Written by **SALIM JAVED**
Lyrics **SAHIR**
Music **KHAYYAM**

Produced by **GULSHAN RAI**
Directed by **YASH CHOPRA**

## RIO THEATRE
**1660 E. BROADWAY**
**VANCOUVER, B.C.**

*FOR INFORMATION*
*PHONE: 873-1412 (24 Hrs)*

**INDIA FILMS OVERSEAS**
**VANCOUVER**

# A FANTASTIC INSURANCE PROGRAMME

## Available in Canada UP TO $50,000

***NOW — a life insurance policy that***
***GUARANTEES EVERY CENT OF YOUR MONEY BACK***
***anytime you ask — after premiums have been paid and the policy has been in force for two years.***



**JARNAIL S. SARAN**
**Life Underwriter**
**273-6708**

***For further information please feel free to call any one of us without obligation:***

*We also provide various other forms of insurance, such as:*

- **Investment plans**
- **Mortgage Insurance**
- **Children's Educational Plans**
- **Accident & Sickness policy**
- **Registered Retirement Savings plans**
- **Travel insurance**
- **Annuity Plans, etc., etc.**



**JAGJIT SINGH SIDHU M.A.**
Unit Supervisor
**Res.: 324-2493**

## SEABOARD LIFE INSURANCE COMPANY

**202 - 4640 No. 3 rd. Richmond, B.C. Office 273-2961**

---

## YOUR LOCAL REALTOR BUYING, SELLING OR TRADING YOUR PROPERTY — ALWAYS REMEMBER YOUR LOCAL REALTOR!

# HARPAL TOOR

**Res. 524-9848**
**Off. 324-3888**



ਹਰ ਤਰ੍ਹਾਂ ਦੀ ਜਾਇਦਾਦ ਖਰੀਦਣ
ਜਾਂ ਨਕਦ ਵੇਚਣ ਲਈ
# ਹਰਪਾਲ ਤੂਰ
ਨੂੰ ਸੇਵਾ ਦਾ ਮੌਕਾ ਦਿਓ!

T. J. LOVEROCK REALTY
5316 Victoria Dr., Van. B.C.

---

## INTERNATIONAL UNISEX HAIRSTYLING

INTRODUCES
ANOTHER SERVICE TO OUR CUSTOMERS AND FRIENDS'

*SPECIALIZING IN*



- ★ **ELECTROLYSIS**
- ★ **PERMANENT HAIR REMOVAL**

**ਸਾਡੇ ਕੋਲ ਆਵੋ, ਪੰਜਾਬੀ 'ਚ ਗਲਬਾਤ ਕਰੋ**

**Phone 736-4727**

**2582 Alma St. Vancouver**

OPEN 5 DAYS A WEEK TUES. THRU SAT.

# ਫਰੰਟੀਅਰ ਕਲਾਥ ਹਾਊਸ

***Imported Printed; Plain & Embroidered Sarees***

**SPECIALISTS IN:**

***All kinds of Quality Fabrics Chuni, Lehngas Suits, Silk Suits***

**Wedding Daj & Wari,**

***Kurtas, Men's Shirts, Cardigans Latest Fashions from Japan, India & U.K.***

HEAD OFFICE: NEW FRONTIER CLOTH HOUSE
PHAGWARA (PANJAB)
INDIA

Phone 2375

Manager Vancouver Branch:
SUSHIL BATRA

Phones: Bus. 325-4424
Res. 324-5156

## FRONTIER CLOTH HOUSE LTD.

**6672 MAIN STREET VANCOUVER, B.C.**



WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2